Excellence in Agri Info
KHETI DUNIYAN, PATIALA
# ਖੇਤੀ ਦੁਨੀਆਂ
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖਬਾਰ (ਨਿਊਜ਼-ਪੇਪਰ)
Rs.10/-
All Subject to Patiala Jurisdiction.
www.khetiduniyan.in
Editor : Jagpreet Singh • RNI/PUNPUN00806 • Issue Dated 07-12-2024 • Vol.42 No.48 • Ph. : 0175-2214575, 90410-14575 • Page : 16
E-mail : khetiduniyan1983@gmail.com

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

## ਆਓ ਕਣਕ ਵਿਚ ਯੂਰੀਆ ਦੀ ਸੁਚੱਜੀ ਵਰਤੋਂ ਕਰੀਏ

★ ਪੰਜਾਬ ਵਿਚ ਕਣਕ ਦੀ ਫਸਲ ਦਾ ਚੰਗਾ ਝਾੜ ਲੈਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕਿਸਮਾਂ ਦੀ ਸਮੇਂ ਸਿਰ ਬਿਜਾਈ ਉਪਰੰਤ ਖਾਦ ਪ੍ਰਬੰਧਨ ਦਾ ਖਾਸ ਧਿਆਨ ਰੱਖਣ ਦੀ ਲੋੜ ਹੈ ।

★ ਨਾਈਟ੍ਰੋਜਨ ਤੱਤ ਬੂਟੇ ਦੇ ਵਿਕਾਸ, ਸਾਖਾਵਾਂ ਦੇ ਗਠਨ, ਪ੍ਰੋਟੀਨ ਵਿਚ ਵਾਧਾ, ਦਾਣਿਆਂ ਦੀ ਗੁਣਵੱਤਾ ਅਤੇ ਉੱਚ ਝਾੜ ਲਈ ਸਭ ਤੋਂ ਮਹੱਤਵਪੂਰਨ ਤੱਤਾਂ ਵਿੱਚੋਂ ਇਕ ਹੈ । ਕਣਕ ਵਿਚ ਯੂਰੀਆ ਦੀ ਸੁਚੱਜੀ ਵਰਤੋਂ ਬਹੁਤ ਜ਼ਰੂਰੀ ਹੈ ਕਿਉਂਕਿ ਬੇਲੋੜੀ ਯੂਰੀਆ ਖਾਦ ਨਾਲ ਬ੍ਰਹਿਮੰਡ ਵਿਚ ਤਪਸ਼, ਉਜ਼ੋਨ ਤਹਿ ਦੀ ਘਣਤਾ ਘਟਣੀ, ਮਨੁੱਖੀ ਵਿਚ ਚਮੜੀ ਦੇ ਰੋਗ, ਅੱਖਾਂ ਦੀਆਂ ਬਿਮਾਰੀਆਂ, ਪੀਣ ਵਾਲੇ ਪਾਣੀ ਵਿਚ ਪ੍ਰਦੂਸ਼ਣ, ਕੀੜੇ-ਮਕੌੜਿਆਂ ਦੇ ਹਮਲਿਆਂ ਵਿਚ ਵਾਧਾ, ਪੱਕਣ ਸਮੇਂ ਫਸਲ ਦਾ ਡਿਗਣਾ, ਝਾੜ ਵਿਚ ਨੁਕਸਾਨ ਅਤੇ ਵਢਾਈ ਦੇ ਖਰਚ ਵਿਚ ਵਾਧਾ ਹੁੰਦਾ ਹੈ ।



★ ਕਿਸਾਨ ਫਸਲ ਵਿਚ ਯੂਰੀਆ ਖਾਦ ਦੀ ਵਰਤੋਂ ਰੰਗ ਦੇਖ ਕੇ ਕਰਦੇ ਹਨ ਅਤੇ ਬਹੁਤ ਵਾਰ ਗੂੜ੍ਹਾ ਹਰਾ ਰੰਗ ਬਣਾਉਣ ਲਈ ਜਾਂ ਪੀਲੇਪਣ ਨੂੰ ਦੂਰ ਕਰਨ ਲਈ ਯੂਰੀਆ ਖਾਦ ਵਰਤਦੇ ਹਨ । ਨਾਈਟ੍ਰੋਜਨ ਦੀ ਘਾਟ ਦੇ ਲੱਛਣ ਘੱਟ ਜੈਵਿਕ ਕਾਰਬਨ, ਵੱਧ ਖਾਰੀ ਅੰਗ ਅਤੇ ਰੇਤਲੀਆਂ ਜ਼ਮੀਨਾਂ ਵਿਚ ਦਿਖਾਈ ਦਿੰਦੇ ਹਨ । ਇਸ ਦੀ ਘਾਟ ਨਾਲ ਪੁਰਾਣੇ ਪੱਤੇ ਪੀਲੇ ਪੈ ਕੇ ਬਾਅਦ ਵਿਚ ਥੱਲੇ ਡਿੱਗ ਪੈਂਦੇ ਹਨ । ਬਹੁਤ ਜ਼ਿਆਦਾ ਘਾਟ ਵਿਚ ਬੂਟੇ ਮਧਰੇ ਅਤੇ ਛੋਟੇ ਸਿੱਟੇ ਕੱਢਦੇ ਹਨ, ਜਿਸ ਨਾਲ ਝਾੜ ਵਿਚ ਕਮੀ ਆਉਂਦੀ ਹੈ ।

★ ਦਰਮਿਆਨੀਆਂ ਜ਼ਮੀਨਾਂ ਵਿਚ 50 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ (110 ਕਿਲੋ ਯੂਰੀਆ) ਸਮੇਂ ਸਿਰ ਬਿਜਾਈ ਕੀਤੀ ਕਣਕ ਨੂੰ 45 ਕਿਲੋ ਯੂਰੀਆ ਪ੍ਰਤੀ ਏਕੜ ਪਹਿਲੇ ਅਤੇ ਦੂਜੇ ਪਾਣੀ ਨਾਲ ਪਾਉਣੀ ਚਾਹੀਦੀ ਹੈ । ਜੇਕਰ ਬਿਜਾਈ ਸਮੇਂ 55 ਕਿਲੋ ਡੀ.ਏ.ਪੀ. ਪ੍ਰਤੀ ਏਕੜ ਪਾ ਦਿੱਤੀ ਜਾਵੇ ਤਾਂ ਬਾਕੀ ਬਚਦੀ 20 ਕਿਲੋ ਯੂਰੀਆ ਘਟਾ ਦੇਣੀ ਚਾਹੀਦੀ ਹੈ । ਝੋਨੇ ਦੀ ਪਰਾਲੀ ਦੀ ਖੇਤ ਵਿਚ ਸੰਭਾਲ ਉਪਰੰਤ ਜਾਂ ਬਾਰਸ਼ ਨਾਲ ਖੇਤ ਵਿਚ ਵੱਧ ਨਮੀਂ ਰਹਿੰਦੀ ਹੈ ਜਿਸ ਨਾਲ ਦੂਜਾ ਪਾਣੀ ਦੇਰ ਨਾਲ ਲੱਗਦਾ ਹੈ । ਇਹਨਾ ਹਾਲਾਤਾਂ ਵਿਚ ਯੂਰੀਆ ਦੀ ਦੂਜੀ ਕਿਸ਼ਤ ਬਿਜਾਈ ਤੋਂ 55 ਦਿਨ ਦੇ ਅੰਦਰ ਵਿਚ ਪਾ ਦੇਣੀ ਚਾਹੀਦੀ ਹੈ ।

★ ਕਣਕ ਵਿਚ ਵਿਗਿਆਨਕ ਤਰੀਕੇ ਨਾਲ ਫਸਲ ਦਾ ਰੰਗ ਪੜ੍ਹ ਕੇ ਲੋੜ ਮੁਤਾਬਕ ਯੂਰੀਆ ਖਾਦ ਦੀ ਵਰਤੋਂ ਲਈ ਪੀ.ਏ.ਯੂ. ਪੱਤਾ ਰੰਗ ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ । ਸਮੇਂ ਸਿਰ ਬੀਜੀ ਕਣਕ ਨੂੰ ਪਹਿਲੇ ਪਾਣੀ ਨਾਲ 40 ਕਿਲੋ ਅਤੇ ਪਛੇਤੀ (ਅੱਧ ਦਸੰਬਰ ਤੋਂ ਬਾਅਦ ਵਾਲੀ) ਕਣਕ ਵਿਚ 25 ਕਿਲੋ ਯੂਰੀਆ/ਪ੍ਰਤੀ ਏਕੜ ਪਾਓ । ਬਿਜਾਈ ਤੋਂ ਲਗਭਗ 50-55 ਦਿਨ ਬਾਅਦ ਜਾਂ ਦੂਜੇ ਪਾਣੀ ਤੋਂ ਪਹਿਲਾਂ ਬਿਮਾਰੀਆਂ/ਕੀੜੇ-ਮਕੌੜਿਆਂ ਤੋਂ ਰਹਿਤ 10 ਜਾਂ ਵੱਧ ਬੂਟਿਆਂ ਦੇ ਉੱਪਰੋਂ ਖੁੱਲ੍ਹੇ ਪਹਿਲੇ ਪੱਤੇ ਦਾ ਰੰਗ ਆਪਣੇ ਪਰਛਾਵੇਂ ਵਿਚ ਪੀ.ਏ.ਯੂ. ਪੱਤਾ ਰੰਗ ਚਾਰਟ ਨਾਲ ਮਿਲਾਉ । ਜੇ 10 ਬੂਟਿਆਂ ਦੇ ਪੱਤਿਆਂ ਵਿੱਚੋਂ 6 ਜਾਂ ਵੱਧ ਦਾ ਰੰਗ ਟਿੱਕੀ ਨੰਬਰ 5.0 ਤੋਂ ਗੂੜਾ ਹੋਵੇ ਤਾਂ 15 ਕਿਲੋ ਯੂਰੀਆ/ਏਕੜ, ਰੰਗ 4.5 ਤੋਂ 5.0 ਟਿੱਕੀ ਦੇ ਵਿੱਚ ਹੋਵੇ ਤਾਂ 30 ਕਿਲੋ ਯੂਰੀਆ/ਏਕੜ, ਰੰਗ 4.5 ਤੋਂ 4.5 ਟਿੱਕੀ ਦੇ ਵਿੱਚ ਹੋਵੇ ਤਾਂ 40 ਕਿਲੋ ਯੂਰੀਆ/ਏਕੜ, ਰੰਗ 4 ਨੰਬਰ ਟਿੱਕੀ ਤੋਂ ਘੱਟ ਹੋਵੇ ਤਾਂ 55 ਕਿਲੋ ਯੂਰੀਆ/ਏਕੜ ਪਾਉ ।

**ਜਗਮਨਜੋਤ ਸਿੰਘ, ਸਤਬੀਰ ਵਿਚ ਅਤੇ ਅਮਿਤ ਸਲਾਰੀਆ,**
**ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ, ਮੋਬਾਇਲ : 94929-00307**

## ਕਣਕ ਦੇ ਖੇਤਾਂ ਵਿਚ ਤਣੇ ਦੀ ਗੁਲਾਬੀ ਸੁੰਡੀ ਦੀ ਹਮਲੇ ਤੋਂ ਘਬਰਾਉਣ ਨਾਲੋਂ ਸੁਚੇਤ ਰਹਿਣ ਦੀ ਲੋੜ

ਤਣੇ ਦੀ ਗੁਲਾਬੀ ਸੁੰਡੀ ਮੂਲ ਰੂਪ ਵਿਚ ਝੋਨੇ ਦਾ ਕੀੜਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਹ ਕੀੜਾ ਕਣਕ ਦੀ ਫਸਲ ਉੱਪਰ ਵੀ ਵੇਖਣ ਨੂੰ ਮਿਲ ਰਿਹਾ ਹੈ । ਆਮ ਤੌਰ ‘ਤੇ, ਇਹ ਸਤੰਬਰ-ਅਕਤੂਬਰ ਦੇ ਮਹੀਨਿਆਂ ਵਿਚ ਝੋਨਾ/ਬਾਸਮਤੀ ਅਤੇ ਪਿਛੇਤੀ ਬੀਜੀ ਮੱਕੀ ਦੀਆਂ ਫਸਲਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਪਰ ਕਈ ਵਾਰੀ ਇਹ ਕਣਕ ਦੀ ਫਸਲ ਤੱਕ ਨੁਕਸਾਨ ਪਹੁੰਚਾਉਂਦਾ ਰਹਿੰਦਾ ਹੈ । ਜ਼ਿਆਦਾਤਰ ਇਹ ਅਗੇਤੀ ਬੀਜੀ ਕਣਕ ਦੀ ਫਸਲ ‘ਤੇ ਹਮਲਾ ਕਰਦਾ ਹੈ ।







ਇਸ ਦੀਆਂ ਸੁੰਡੀਆਂ ਕਣਕ ਦੇ ਛੋਟੇ ਬੂਟਿਆਂ ਦੇ ਤਣਿਆਂ ਵਿਚ ਮੋਰੀਆਂ ਕਰਕੇ ਅੰਦਰ ਚਲੀਆਂ ਜਾਂਦੀਆਂ ਹਨ ਤੇ ਅੰਦਰਲਾ ਮਾਦਾ ਖਾਂਦੀਆਂ ਹਨ ਤੇ ਅੰਦਰਲਾ ਮਾਦਾ ਖਾਂਦੀਆਂ ਹਨ ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਅਖੀਰ ਵਿਚ ਮਰ ਜਾਂਦੇ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਟੀਮਾਂ ਨੇ ਲੁਧਿਆਣਾ, ਬਰਨਾਲਾ, ਮਾਨਸਾ, ਬਠਿੰਡਾ, ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਕੁਝ ਖੇਤਾਂ ਵਿਚ ਤਣੇ ਦੀ ਗੁਲਾਬੀ ਸੁੰਡੀ ਦਾ ਮਾਮੂਲੀ ਹਮਲਾ ਦੇਖਿਆ ਗਿਆ ।

ਪੰਜਾਬ ਵਿਚ ਸਰਦੀ ਦੇ ਹਾਲਾਤ ਸ਼ੁਰੂ ਹੋਣ ਨਾਲ ਤਣੇ ਦੀ ਗੁਲਾਬੀ ਸੁੰਡੀ ਦੇ ਹਮਲੇ ਵਿਚ ਕਮੀ ਆਉਣ ਦੀ ਸੰਭਾਵਨਾ ਹੈ । ਇਸ ਦੇ ਨਾਲ ਹੀ ਕਣਕ ਦੀ ਫਸਲ ਦੇ ਵਧਣ ਫੁੱਲਣ ਅਤੇ ਜਾੜ ਮਾਰਨ ਲਈ ਆਉਣ ਵਾਲੇ ਸਰਦੀਆਂ ਦੇ ਹਾਲਾਤ ਅਨੁਕੂਲ ਹਨ ਜੋ ਤਣੇ ਦੀ ਗੁਲਾਬੀ ਸੁੰਡੀ ਦੇ ਮਾਮੂਲੀ ਹਮਲੇ ਦੀ ਭਰਪਾਈ ਕਰਨ ਵਿਚ ਵੀ ਸਹਾਈ ਹੋਣਗੇ । ਦਿਨ ਵੇਲੇ ਕਣਕ ਦੇ ਖੇਤਾਂ ਦੀ ਸਿੰਚਾਈ ਕਰਨ ਨਾਲ ਪੰਛੀਆਂ ਦੁਆਰਾ ਕੀੜੇ-ਮਕੌੜਿਆਂ ਦਾ ਸ਼ਿਕਾਰ ਵੀ ਹੁੰਦਾ ਹੈ । ਇਸ ਲਈ ਕਿਸਾਨਾਂ ਨੂੰ ਘਬਰਾਉਣ ਦੀ ਲੋੜ ਨਹੀਂ ਸਗੋਂ ਸੁਚੇਤ ਰਹਿਣ ਦੀ ਲੋੜ ਹੈ ਅਤੇ ਆਪਣੇ ਕਣਕ ਦੇ ਖੇਤਾਂ ਦਾ ਨਿਯਮਿਤ ਤੌਰ ‘ਤੇ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ।

ਕਿਸਾਨ ਵੀਰਾਂ ਨੂੰ ਤਣੇ ਦੀ ਗੁਲਾਬੀ ਸੁੰਡੀ ਦੇ ਪ੍ਰਬੰਧਨ ਲਈ ਸਿਫਾਰਸ਼ ਕੀਤੇ ਸਰਵਪੱਖੀ ਕੀਟ ਪ੍ਰਬੰਧਨ ਦੀ ਵਰਤੋਂ ਕਰਨ ਅਤੇ ਆਪਣੇ ਜ਼ਿਲ੍ਹਿਆਂ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਦਫਤਰ, ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਸੇਵਾ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ।

**ਬੇਅੰਤ ਸਿੰਘ ਅਤੇ ਇੰਦਰਪ੍ਰੀਤ ਕੌਰ ਬੋਪਾਰਾਏ,**
**ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ,**
**ਮੋਬਾਇਲ : 99880-95878**






## ਕਿੰਨੂ ਦੇ ਛਿਲਕਿਆਂ ਵਿਚਲੇ ਗੁਣਕਾਰੀ ਤੱਤ ਮਨੁੱਖੀ ਸਿਹਤ ਲਈ ਹੋ ਸਕਦੇ ਹਨ ਲਾਭਦਾਇਕ – ਪੰਜਾਬੀ ਯੂਨੀਵਰਸਿਟੀ ਦੀ ਖੋਜ

### ਅੰਦਰ ਪੜ੍ਹੋ



ਕਣਕ ਦੀਆਂ ਸਮੱਸਿਆਵਾਂ ਅਤੇ ਉਪਾਅ



ਬੇਹੱਦ ਮੰਦੀ ਸਥਿਤੀ ਵਿੱਚ ਹਨ ਦੇਸ਼ ਦੇ ਕਿਸਾਨ



ਪਤਝੜੀ ਬੂਟੇ ਲਗਾਉਣ ਦੀ ਕਰੋ ਤਿਆਰੀ

# ਦਸੰਬਰ-ਜਨਵਰੀ ਮਹੀਨੇ ਵਿੱਚ ਕਣਕ ਦੀਆਂ ਸਮੱਸਿਆਵਾਂ ਅਤੇ ਉਪਾਅ

ਨਵਨੀਤ ਕੌਰ, ਪ੍ਰਿਤਪਾਲ ਸਿੰਘ ਅਤੇ ਅਮਰਜੀਤ ਸਿੰਘ ਸੰਧੂ,
ਕਿਸਾਨ ਸਲਾਹਕਾਰ ਸੇਵਾ ਕੇਂਦਰ, ਬਠਿੰਡਾ (ਮੋ. 83604-74958)

**ਇਸ ਸਮੇਂ ਕਣਕ ਦੇ ਪੀਲੇ ਪੈਣ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਹਲਕੀਆਂ ਜ਼ਮੀਨਾਂ (ਕਣਕ-ਝੋਨਾ ਫਸਲੀ ਚੱਕਰ) ਵਿਚ ਫਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਬਾਅਦ ਮੈਂਗਨੀਜ਼ ਤੱਤ ਦੀ ਘਾਟ, ਜੇਕਰ ਭਾਰੀਆਂ ਜ਼ਮੀਨਾਂ ਵਿਚ ਕਣਕ ਦੀ ਬਿਜਾਈ ਹੈਪੀ ਸੀਡਰ ਜਾਂ ਜ਼ੀਰੋ ਟਿਲਜ ਨਾਲ ਕੀਤੀ ਹੋਵੇ ਅਤੇ ਫਸਲ ਨੂੰ ਪਹਿਲੀ ਜਾਂ ਦੂਜੀ ਸਿੰਚਾਈ ਜ਼ਿਆਦਾ ਭਾਰੀ ਹੋ ਜਾਵੇ ਤਾਂ ਭਰਵੀਂ ਸਿੰਚਾਈ ਤੋਂ ਬਾਅਦ ਬਰਸਾਤ ਹੋਣ ਕਰਕੇ ਖੇਤ ਵਿਚ ਪਾਣੀ ਖੜਨ ਨਾਲ ਕਣਕ ਦੀ ਫਸਲ ਪੀਲੀ ਪੈ ਸਕਦੀ ਹੈ। ਇਸ ਤੋਂ ਇਲਾਵਾ ਲੰਮੇਂ ਸਮੇਂ ਤੱਕ ਧੁੰਦ ਰਹਿਣ ਨਾਲ ਸੂਰਜੀ ਰੌਸ਼ਨੀ ਦੀ ਕਮੀ ਹੋਣ ਕਰਕੇ ਵੀ ਕਣਕ ਪੀਲੀ ਪੈ ਜਾਂਦੀ ਹੈ।**



ਪੰਜਾਬ ਵਿਚ ਦਸੰਬਰ-ਜਨਵਰੀ ਮਹੀਨੇ ਦੌਰਾਨ ਕਣਕ ਦੀ ਫਸਲ ਦੇ ਕਈ ਖੇਤਾਂ ਵਿਚ ਅਜੈਵਿਕ ਅਤੇ ਜੈਵਿਕ ਸਮੱਸਿਆਵਾਂ ਆਮ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਕਰਕੇ ਕਣਕ ਦੀ ਫਸਲ ਦੇ ਪੀਲੇ ਪੈਣ ਦੀ ਸਮੱਸਿਆ ਆਮ ਵੇਖਣ ਵਿਚ ਆਉਂਦੀ ਹੈ ਜੋ ਕਿ ਕਿਸਾਨ ਵੀਰਾਂ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਇਸ ਸਮੇਂ ਕਣਕ ਦੇ ਪੀਲੇ ਪੈਣ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਹਲਕੀਆਂ ਜ਼ਮੀਨਾਂ (ਕਣਕ-ਝੋਨਾ ਫਸਲੀ ਚੱਕਰ) ਵਿਚ ਫਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਬਾਅਦ ਮੈਂਗਨੀਜ਼ ਤੱਤ ਦੀ ਘਾਟ, ਜੇਕਰ ਭਾਰੀਆਂ ਜ਼ਮੀਨਾਂ ਵਿਚ ਕਣਕ ਦੀ ਬਿਜਾਈ ਹੈਪੀ ਸੀਡਰ ਜਾਂ ਜ਼ੀਰੋ ਟਿਲਜ ਨਾਲ ਕੀਤੀ ਹੋਵੇ ਅਤੇ ਫਸਲ ਨੂੰ ਪਹਿਲੀ ਜਾਂ ਦੂਜੀ ਸਿੰਚਾਈ ਜ਼ਿਆਦਾ ਭਾਰੀ ਹੋ ਜਾਵੇ ਤਾਂ ਭਰਵੀਂ ਸਿੰਚਾਈ ਤੋਂ ਬਾਅਦ ਬਰਸਾਤ ਹੋਣ ਕਰਕੇ ਖੇਤ ਵਿਚ ਪਾਣੀ ਖੜਨ ਨਾਲ ਕਣਕ ਦੀ ਫਸਲ ਪੀਲੀ ਪੈ ਸਕਦੀ ਹੈ। ਇਸ ਤੋਂ ਇਲਾਵਾ ਲੰਮੇਂ ਸਮੇਂ ਤੱਕ ਧੁੰਦ ਰਹਿਣ ਨਾਲ ਸੂਰਜੀ ਰੌਸ਼ਨੀ ਦੀ ਕਮੀ ਹੋਣ ਕਰਕੇ ਵੀ ਕਣਕ ਪੀਲੀ ਪੈ ਜਾਂਦੀ ਹੈ। ਕਈ ਹਾਲਤਾਂ ਵਿਚ ਯੂਰੀਆ ਖਾਦ ਦੀ ਪਹਿਲੀ ਕਿਸ਼ਤ ਲੇਟ ਹੋਣ ਨਾਲ ਵੀ ਫਸਲ ਵਿਚ ਪੀਲਾਪਨ ਆ ਜਾਂਦਾ ਹੈ। ਇਸ ਸਮੇਂ ਕਣਕ ਦੀ ਫਸਲ ਵਿਚ ਨਦੀਨ ਵੀ ਉੱਗ ਪੈਂਦੇ ਹਨ। ਜੇਕਰ ਇਸ ਸਮੇਂ ਦੌਰਾਨ ਫਸਲ ਵਿਚ ਨਦੀਨਾਂ ਦੀ ਰੋਕਥਾਮ ਨਾ ਕੀਤੀ ਜਾਵੇ ਤਾਂ ਇਸ ਨਾਲ ਫਸਲ ਦੇ ਝਾੜ ਤੇ ਸਿੱਧਾ ਅਸਰ ਪੈਂਦਾ ਹੈ।

**ੳ. ਅਜੈਵਿਕ ਸਮੱਸਿਆਵਾਂ**

**1. ਮੈਂਗਨੀਜ਼ ਦੀ ਘਾਟ** :



ਮੈਗਨੀਜ਼ ਦੀ ਘਾਟ ਆਮ ਤੌਰ ਤੇ ਕਣਕ-ਝੋਨਾ ਫਸਲੀ ਚੱਕਰ ਵਿਚ ਆਉਂਦੀ ਹੈ। ਮੈਗਨੀਜ਼ ਦੀ ਘਾਟ ਕਾਰਣ ਬੂਟੇ ਦੇ ਵਿਚਕਾਰਲੇ ਪੱਤਿਆਂ ਦੀਆਂ ਨਾੜੀਆਂ ਦੇ ਵਿਚਲੀ ਥਾਂ ਤੇ ਹਲਕੇ ਪੀਲੇ ਸਲੇਟੀ ਰੰਗ ਤੋਂ ਗੁਲਾਬੀ ਭੂਰੇ ਧੱਬੇ ਦਿਖਾਈ ਦੇਣ ਲੱਗਦੇ ਹਨ। ਬਾਅਦ ਵਿਚ ਇਹ ਧੱਬੇ ਇਕੱਠੇ ਹੋ ਕੇ ਇਕ ਲੰਬੀ ਧਾਰੀ ਦਾ ਰੂਪ ਧਾਰਣ ਕਰ ਲੈਂਦੇ ਹਨ। ਕਈ ਵਾਰ ਜ਼ਿਆਦਾ ਘਾਟ ਆਉਣ ਕਾਰਨ ਬੂਟੇ ਵੀ ਸੁੱਕ ਜਾਂਦੇ ਹਨ। ਮੈਗਨੀਜ਼ ਦੀ ਘਾਟ ਆਮ ਤੌਰ ਤੇ ਪਹਿਲੇ ਪਾਣੀ ਤੋਂ ਤੁਰੰਤ ਬਾਅਦ ਆਉਂਦੀ ਹੈ ਇਸ ਕਰਕੇ ਇਹ ਸੁਝਾਇਆ ਜਾਂਦਾ ਹੈ ਕਿ ਜੇ ਪਿਛਲੇ ਸਾਲਾਂ ਦੌਰਾਨ ਖੇਤ ਵਿਚ ਮੈਗਨੀਜ਼ ਦੀ ਘਾਟ ਆਈ ਹੋਵੇ ਜਾਂ ਮਿੱਟੀ ਪਰਖ ਦੀ ਰਿਪੋਰਟ ਖੇਤ ਵਿਚ ਮੈਗਨੀਜ਼ ਦੀ ਘਾਟ ਦਰਸਾਵੇ ਤਾਂ 0.5% ਮੈਗਨੀਜ਼ ਸਲਫੇਟ (1 ਕਿਲੋ ਮੈਗਨੀਜ਼ ਸਲਫੇਟ 200 ਲੀਟਰ ਪਾਣੀ ਵਿਚ ਘੋਲ ਕੇ) ਪ੍ਰਤੀ ਏਕੜ ਦਾ ਛਿੜਕਾਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ ਤਿੰਨ ਛਿੜਕਾਅ ਹਫਤੇ-ਹਫਤੇ ਦੇ ਵਕਫੇ ਤੇ ਕਰੋ। ਮੈਗਨੀਜ਼ ਦੀ ਘਾਟ ਦੀ ਪੂਰਤੀ ਲਈ ਹਮੇਸ਼ਾਂ ਫਸਲ ਉੱਪਰ ਸਪਰਅ ਕਰੋ, ਜ਼ਮੀਨ ਵਿਚ ਨਾ ਪਾਓ।

**2. ਮੀਂਹ ਜਾਂ ਵਧੇਰੇ ਪਾਣੀ ਲੱਗਣ ਕਾਰਨ ਕਣਕ ਦਾ ਪੀਲਾ ਪੈਣਾ** : ਕਈ ਵਾਰ ਹੈਪੀ ਸੀਡਰ ਜਾਂ ਜ਼ੀਰੋ ਟਿੱਲ ਡਰਿੱਲ ਨਾਲ ਬੀਜੀ ਕਣਕ ਵਿਚ ਪਰਾਲ ਖੇਤ ਵਿਚ ਪਿਆ ਹੋਣ ਕਰਕੇ ਭਰਵਾਂ ਪਾਣੀ ਲੱਗ ਜਾਂਦਾ ਹੈ ਜਿਸ ਕਾਰਨ ਖੇਤ ਵਿਚ ਪਾਣੀ ਖੜਨ ਕਰਕੇ ਕਣਕ ਪੀਲੀ ਪੈ ਜਾਂਦੀ ਹੈ। ਜਾਂ ਕਈ ਵਾਰ ਪਾਣੀ ਲੱਗੇ ਖੇਤ ਵਿਚ ਬਰਸਾਤ ਦਾ ਪਾਣੀ ਖੜ੍ਹਾ ਹੋ ਜਾਂਦਾ ਹੈ ਜਿਸ ਕਰਕੇ ਵੀ ਪੌਦੇ ਦੀਆਂ ਜੜ੍ਹਾਂ ਨੂੰ ਹਵਾ ਦਾ ਸੰਚਾਰ ਬੰਦ ਹੋ ਜਾਂਦਾ ਹੈ ਅਤੇ ਪੌਦਾ ਆਪਣੀ ਖੁਰਾਕ ਜ਼ਮੀਨ ਵਿਚੋਂ ਨਹੀਂ ਲੈ ਪਾਉਂਦਾ ਅਤੇ ਫਸਲ ਪੀਲੀ ਪੈਣੀ ਸ਼ੁਰੂ ਹੋ ਜਾਂਦੀ ਹੈ। ਜੇ ਯੂਰੀਆ ਦੀ ਪੂਰੀ ਮਾਤਰਾ ਖੇਤ ਵਿਚ ਪਾ ਦੇਣ ਉਪਰੰਤ ਫਸਲ ਤੇ ਅਜਿਹੀ ਸਥਿਤੀ ਬਣਦੀ ਹੈ ਤਾਂ 3% ਯੂਰੀਆ ਘੋਲ (9 ਕਿਲੋ ਯੂਰੀਆ 300 ਲਿਟਰ ਪਾਣੀ ਵਿਚ)



ਪ੍ਰਤੀ ਏਕੜ ਦਾ ਦੋ ਪਾਸਾ ਛਿੜਕਾਅ ਕਰੋ। ਜੇਕਰ ਲੰਮੇ ਸਮੇਂ ਤੱਕ ਧੁੰਦ ਰਹਿਣ ਨਾਲ ਸੂਰਜੀ ਰੌਸ਼ਨੀ ਦੀ ਕਮੀ ਹੋ ਜਾਵੇ ਤਾਂ ਵੀ ਕਣਕ ਪੀਲੀ ਪੈ ਸਕਦੀ ਹੈ ਜੋ ਕਿ ਧੁੱਪ ਨਿਕਲਣ ਤੋਂ ਬਾਅਦ ਠੀਕ ਹੋ ਜਾਂਦੀ ਹੈ। ਕਈ ਹਾਲਤਾਂ ਵਿਚ ਯੂਰੀਆ ਖਾਦ ਦੀ ਪਹਿਲੀ ਕਿਸ਼ਤ ਲੇਟ



ਹੋਣ ਨਾਲ ਵੀ ਫਸਲ ਵਿਚ ਪੀਲਾਪਨ ਆ ਜਾਂਦਾ ਹੈ।

**ਅ. ਜੈਵਿਕ ਸਮੱਸਿਆਵਾਂ**

**1. ਨਦੀਨ** : ਕੁਝ ਖੇਤਾਂ ਵਿਚ ਜਿੱਥੇ ਬਿਜਾਈ ਸਮੇਂ ਨਦੀਨ-ਨਾਸ਼ਕ ਨਹੀਂ ਵਰਤੇ ਗਏ ਜਾਂ ਕੋਈ ਕਾਸ਼ਤਕਾਰੀ ਢੰਗ ਨਹੀਂ ਅਪਣਾਇਆ ਗਿਆ ਉਥੇ ਪਹਿਲੇ ਪਾਣੀ ਤੋਂ ਪਹਿਲਾਂ ਨਦੀਨ ਉੱਗ ਪੈਂਦਾ ਹੈ। ਉਹਨਾਂ ਖੇਤਾਂ ਵਿਚ ਪਹਿਲੀ ਸਿੰਚਾਈ ਤੋਂ 2-3 ਦਿਨ ਪਹਿਲਾਂ ਜਦੋਂ ਨਦੀਨ 2-3 ਪੱਤਿਆਂ ਦੀ ਅਵਸਥਾ ਤੇ ਹੋਵੇ, ਐਰੀਲੋਨ/ਆਈਸੋਗਾਰਡ 75 ਡਬਲਯੂ ਪੀ (ਆਈਸੋਪ੍ਰੋਟਯੂਰਾਨ) ਦਾ ਪ੍ਰਤੀ ਏਕੜ 300 ਗ੍ਰਾਮ ਹਲਕੀਆਂ ਜ਼ਮੀਨਾਂ ਵਿਚ 400 ਗ੍ਰਾਮ ਦਰਮਿਆਨੀਆਂ ਜ਼ਮੀਨਾਂ ਵਿਚ ਅਤੇ 500 ਗ੍ਰਾਮ ਭਾਰੀਆਂ ਜ਼ਮੀਨਾਂ ਵਿਚ ਛਿੜਕਾਅ ਕਰੋ। ਜਾਂ 13 ਗ੍ਰਾਮ ਲੀਡਰ 75 ਡਬਲਯੂ ਜੀ (ਸਲਫੋਸਲਫੂਰਾਨ) ਦਾ 150 ਲਿਟਰ ਪਾਣੀ ਵਰਤ ਕੇ ਛਿੜਕਾਅ ਕਰੋ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਿਨ੍ਹਾਂ ਖੇਤਾਂ ਵਿਚ ਕਣਕ ਦੇ ਨਾਲ ਸਰ੍ਹੋਂ/ਰਾਇਆ/ਛੋਲੇ ਰਲਾ ਕੇ ਬੀਜੇ ਹੋਣ ਉੱਥੇ, ਸਲਫੋਸਲਫੂਰਾਨ ਰਸਾਇਣ ਦੀ ਵਰਤੋਂ ਨਾ ਕੀਤੀ ਜਾਵੇ। ਇਹਨਾਂ ਖੇਤਾਂ ਵਿਚ ਸਾਉਣੀ ਸਮੇਂ ਚਰ੍ਹੀ ਅਤੇ ਮੱਕੀ ਨਾ ਬੀਜੋ।

ਦਸੰਬਰ ਮਹੀਨੇ ਦੌਰਾਨ ਕਣਕ



ਦੀ ਫਸਲ ਨੂੰ ਪਹਿਲਾ ਪਾਣੀ ਲੱਗਦਾ ਹੈ। ਕਈ ਖੇਤਾਂ ਵਿਚ ਨਦੀਨ ਪਹਿਲੇ ਪਾਣੀ ਤੋਂ ਤੁਰੰਤ ਬਾਅਦ ਉੱਗ ਪੈਂਦੇ ਹਨ। ਉਸ ਸਮੇਂ ਨਦੀਨ ਦੀ ਕਿਸਮ ਅਤੇ ਨਦੀਨ ਦੀ ਅਵਸਥਾ ਦੇ ਹਿਸਾਬ ਅਨੁਸਾਰ ਨਦੀਨ-ਨਾਸ਼ਕ ਦੀ ਸਪਰੇਅ ਕਰੋ। ਹਰ ਸਾਲ ਵੱਖ-ਵੱਖ ਗਰੁੱਪਾਂ ਦੇ ਨਦੀਨ-ਨਾਸ਼ਕ ਦੀ ਵਰਤੋਂ ਕਰੋ। ਇਕ ਹੀ ਤਰ੍ਹਾਂ ਦੇ ਨਦੀਨ-ਨਾਸ਼ਕ ਵਰਤਣ ਕਰਕੇ ਨਦੀਨਾਂ ਵਿਚ ਰੋਧਣ ਸ਼ਕਤੀ ਪੈਦਾ ਹੋ ਜਾਂਦੀ ਹੈ। ਨਦੀਨ-ਨਾਸ਼ਕ ਦਾ ਪੂਰਾ ਅਸਰ ਲੈਣ ਲਈ ਨਦੀਨ ਦੀ 2-3 ਪੱਤਿਆਂ ਵਾਲੀ ਅਵਸਥਾ ਤੇ ਸਪਰੇਅ ਕਰੋ। ਨਦੀਨ-ਨਾਸ਼ਕਾਂ ਤੋਂ ਪੂਰਾ ਫਾਇਦਾ ਲੈਣ ਲਈ ਕਣਕ ਨੂੰ ਹਲਕਾ ਪਾਣੀ ਲਾਓ। ਖੜ੍ਹੀ ਫਸਲ ਵਿਚ ਵਰਤੇ ਜਾਣ ਵਾਲੇ ਨਦੀਨ-ਨਾਸ਼ਕਾਂ ਲਈ 150 ਲਿਟਰ ਪਾਣੀ ਪ੍ਰਤੀ ਏਕੜ ਵਰਤੋਂ।

**2. ਤਣੇ ਦੀ ਗੁਲਾਬੀ ਸੁੰਡੀ** : ਇਸ ਦੀ ਸੁੰਡੀਆਂ ਛੋਟੇ ਬੂਟਿਆਂ ਦੇ ਤਣਿਆਂ ਵਿਚ ਮੋਰੀਆਂ ਕਰਕੇ ਅੰਦਰ ਚਲੀਆਂ ਜਾਂਦੀਆਂ ਹਨ ਅਤੇ ਅੰਦਰਲਾ ਮਾਦਾ ਖਾਂਦੀਆਂ ਹਨ, ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ, ਸੁੱਕ ਜਾਂਦੇ ਹਨ ਅਤੇ ਅਖੀਰ ਵਿਚ ਮਰ ਜਾਂਦੇ ਹਨ। ਇਸ ਲਈ ਸਮੇਂ ਪਾਣੀ ਲਾਉਣ ਨੂੰ



ਤਰਜੀਹ ਦਿਓ ਤਾਂ ਜੋ ਪੰਛੀ ਸੁੰਡੀਆਂ ਦਾ ਸ਼ਿਕਾਰ ਕਰ ਸਕਣ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੋਰਟੈਲ / ਰੀਜੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਸਲਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ। ਇਸ ਦੇ ਬਦਲ ਵਿਚ 50 ਮਿਲੀਲਿਟਰ ਪ੍ਰਤੀ ਏਕੜ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਨੈਪਸੈਕ ਪੰਪ ਨਾਲ ਛਿੜਕਾਅ ਕਰੋ।

ਸਾਰਣੀ : ਕਣਕ ਵਿਚ ਨਦੀਨਾਂ ਦੀ ਰੋਕਥਾਮ ਲਈ ਸਿਫਾਰਸ਼ ਨਦੀਨ-ਨਾਸ਼ਕ

| ਨਦੀਨ | ਨਦੀਨ-ਨਾਸ਼ਕ (ਮਾਤਰਾ ਪ੍ਰਤੀ ਏਕੜ) |
|---|---|
| ਗੁੱਲੀ ਡੰਡਾ | 500 ਗ੍ਰਾਮ ਆਈਸੋਪ੍ਰੋਟਯੂਰਾਨ 75 ਡਬਬਲੂ ਪੀ, 160 ਗ੍ਰਾਮ ਟੌਪਿਕ 15 ਡਬਲਯੂ ਪੀ(ਕਲੋਡੀਨਾਫੌਪ),400 ਮਿਲੀਲਿਟਰ ਐਕਸੀਅਲ 5 ਈ ਸੀ (ਪਿਨੋਕਸਾਡਿਨ), 400 ਮਿਲੀਲਿਟਰ ਪਿਊਮਾ ਪਾਵਰ(ਫਿਨੋਕਸਾਪ੍ਰੋਪ-ਪੀ-ਇਥਾਇਲ), 13 ਗ੍ਰਾਮ ਲੀਡਰ 75 ਡਬਲਯੂ ਜੀ (ਸਲਫੋਸਲਫੂਰਾਨ) |
| ਚੌੜੇ ਪੱਤੇ ਵਾਲੇ ਨਦੀਨ | ਬਾਥੂ, ਬਿੱਲੀ ਬੂਟੀ, ਜੰਗਲੀ ਹਾਲੋਂ, ਪਿਤਪਾਪਰਾ, ਜੰਗਲੀ ਸੇਂਜੀ, ਮੈਣਾ, ਮੈਣੀ, ਜੰਗਲੀ ਪਾਲਕ ਦੀ ਰੋਕਥਾਮ ਲਈ 2,4-ਡੀ ਸੋਡੀਅਮ ਸਾਲਟ 80 ਈ ਸੀ (250 ਗ੍ਰਾਮ)ਜਾਂ 2,4-ਡੀ ਈਥੀਆਲ ਐਸਟਰ 38 ਈ ਸੀ(250 ਮਿਲੀਲਿਟਰ); ਪਹਿਲਾਂ ਦੱਸੇ ਚੌੜੇ ਪੱਤੇ ਵਾਲੇ ਨਦੀਨਾਂ ਅਤੇ ਕੰਡਿਆਲੀ ਪਾਲਕ ਦੀ ਰੋਕਥਾਮ ਲਈ 10 ਗ੍ਰਾਮ ਐਲਗਰਿਪ 20 ਡਬਲਯੂ ਪੀ (ਮੈਟਸਲਫੂਰਾਨ); ਪਹਿਲਾਂ ਦੱਸੇ ਚੌੜੇ ਪੱਤੇ ਵਾਲੇ ਨਦੀਨਾਂ ਅਤੇ ਬਟਨ ਬੂਟੀ ਦੀ ਰੋਕਥਾਮ ਲਈ 20 ਗ੍ਰਾਮ ਏਮ/ਅਫਿਨਟੀ 40ਡੀ ਐਫ(ਕਾਰਫੈਨਟਰਾਜ਼ੋਨ ਈਥਾਈਲ); ਪਹਿਲਾਂ ਦੱਸੇ ਚੌੜੇ ਪੱਤੇ ਵਾਲੇ ਨਦੀਨਾਂ ਅਤੇ ਮਕੋਹ, ਕੰਡਿਆਲੀ ਪਾਲਕ, ਹਿਰਨ ਖੁਰੀ ਦੀ ਰੋਕਥਾਮ ਲਈ 20 ਗ੍ਰਾਮ ਲਾਂਫਿਡਾ 50 ਡੀ ਐਫ (ਮੈਟਸਲਫੂਰਾਨ+ਕਾਰਫੈਨਟਰਾਜ਼ੋਨ) |
| ਘਾਹ ਅਤੇ ਚੌੜੀ ਪੱਤੀ ਵਾਲੇ ਨਦੀਨ | 16 ਗ੍ਰਾਮ ਟੋਟਲ/ਮਾਰਕਪਾਵਰ 75 ਡਬਲਯੂ ਜੀ ਸਲਫੋਸਲਫੂਰਾਨ + ਮੈਟਸਲਫੂਰਾਨ),160 ਗ੍ਰਾਮ ਐਟਲਾਂਟਿਸ 3.6 ਡਬਲਯੂ ਜੀ (ਮੀਜ਼ੋ-ਸਲਫੂਰਾਨ + ਆਇਡੋਸਲਫੂਰਾਨ)500 ਮਿਲੀਲਿਟਰ ਅਕੋਰਡ ਪਲੱਸ 22 ਈ ਸੀ (ਫਿਨੋਕਸਾਪ੍ਰੋਪ + ਮੈਟਰੀਬਿਊਜਨ), 200 ਗ੍ਰਾਮ ਸ਼ਗਨ 21-11 (ਕਲੋਡੀਨਾਫੋਪ+ਮੈਟਰੀਬਿਊਜਨ), 240 ਗ੍ਰਾਮ ਏ ਸੀ ਐਮ-9/ਐਮੇਕ (ਫਿਨੋਕਸਾਪ੍ਰੋਪ + ਮੈਟਰੀਬਿਊਜਨ) |

ਜਗਮਨਜੋਤ ਸਿੰਘ, ਸਤਬੀਰ ਸਿੰਘ ਅਤੇ ਅਮਿਤ ਸਲਾਰੀਆ,
ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ
ਮੋ. 94929-00307

# ਆਉ ਕਣਕ ਵਿੱਚ ਯੂਰੀਆ ਦੀ ਸੁਚੱਜੀ ਵਰਤੋਂ ਕਰੀਏ




★ ਪੰਜਾਬ ਵਿਚ ਕਣਕ ਦੀ ਫਸਲ ਦਾ ਚੰਗਾ ਝਾੜ ਲੈਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕਿਸਮਾਂ ਦੀ ਸਮੇਂ ਸਿਰ ਬਿਜਾਈ ਉਪਰੰਤ ਖਾਦ ਪ੍ਰਬੰਧਨ ਦਾ ਖਾਸ ਧਿਆਨ ਰੱਖਣ ਦੀ ਲੋੜ ਹੈ ।

★ ਨਾਈਟ੍ਰੋਜਨ ਤੱਤ ਬੂਟੇ ਦੇ ਵਿਕਾਸ, ਸਾਖਾਵਾਂ ਦੇ ਗਠਨ, ਪ੍ਰੋਟੀਨ ਵਿਚ ਵਾਧਾ, ਦਾਣਿਆਂ ਦੀ ਗੁਣਵੱਤਾ ਅਤੇ ਉੱਚ ਝਾੜ ਲਈ ਸਭ ਤੋਂ ਮਹੱਤਵਪੂਰਨ ਤੱਤਾਂ ਵਿੱਚੋਂ ਇਕ ਹੈ । ਕਣਕ ਵਿਚ ਯੂਰੀਆ ਦੀ ਸੁਚੱਜੀ ਵਰਤੋਂ ਬਹੁਤ ਜ਼ਰੂਰੀ ਹੈ ਕਿਉਕਿ ਬੇਲੋੜੀ ਯੂਰੀਆ ਖਾਦ ਨਾਲ ਬ੍ਰਹਿਮੰਡ ਵਿਚ ਤਪਸ਼, ਉਜ਼ੋਨ ਤਹਿ ਦੀ ਘਣਤਾ ਘਟਣੀ, ਮਨੁੱਖੀ ਵਿਚ ਚਮੜੀ ਦੇ ਰੋਗ, ਅੱਖਾਂ ਦੀਆਂ ਬਿਮਾਰੀਆਂ, ਪੀਣ ਵਾਲੇ ਪਾਣੀ ਵਿਚ ਪ੍ਰਦੂਸ਼ਣ, ਕੀੜੇ-ਮਕੌੜਿਆਂ ਦੇ ਹਮਲਿਆਂ ਵਿਚ ਵਾਧਾ, ਪੱਕਣ ਸਮੇਂ ਫਸਲ ਦਾ ਡਿਗਣਾ, ਝਾੜ ਵਿਚ ਨੁਕਸਾਨ ਅਤੇ ਵਢਾਈ ਦੇ ਖਰਚ ਵਿਚ ਵਾਧਾ ਹੁੰਦਾ ਹੈ ।

★ ਕਿਸਾਨ ਫਸਲ ਵਿਚ ਯੂਰੀਆ ਖਾਦ ਦੀ ਵਰਤੋਂ ਰੰਗ ਦੇਖ ਕੇ ਕਰਦੇ ਹਨ ਅਤੇ ਬਹੁਤ ਵਾਰ ਗੂੜ੍ਹਾ ਹਰਾ ਰੰਗ ਬਣਾਉਣ ਲਈ ਜਾਂ ਪੀਲੇਪਣ ਨੂੰ ਦੂਰ ਕਰਨ ਲਈ ਯੂਰੀਆ ਖਾਦ ਵਰਤਦੇ ਹਨ । ਨਾਈਟ੍ਰੋਜਨ ਦੀ ਘਾਟ ਦੇ ਲੱਛਣ ਘੱਟ ਜੈਵਿਕ ਕਾਰਬਨ, ਵੱਧ ਖਾਰੀ ਅੰਗ ਅਤੇ ਰੇਤਲੀਆਂ ਜ਼ਮੀਨਾਂ ਵਿਚ ਦਿਖਾਈ ਦਿੰਦੇ ਹਨ । ਇਸ ਦੀ ਘਾਟ ਨਾਲ ਪੁਰਾਣੇ ਪੱਤੇ ਪੀਲੇ ਪੈ ਕੇ ਬਾਅਦ ਵਿਚ ਥੱਲੇ ਡਿੱਗ ਪੈਂਦੇ ਹਨ । ਬਹੁਤ ਜ਼ਿਆਦਾ ਘਾਟ ਵਿਚ ਬੂਟੇ ਮਧਰੇ ਅਤੇ ਛੋਟੇ ਸਿੱਟੇ ਕੱਢਦੇ ਹਨ, ਜਿਸ ਨਾਲ ਝਾੜ ਵਿਚ ਕਮੀ ਆਉਂਦੀ ਹੈ ।

★ ਦਰਮਿਆਨੀਆਂ ਜ਼ਮੀਨਾਂ ਵਿਚ 50 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ (110 ਕਿਲੋ ਯੂਰੀਆ) ਸਮੇਂ ਸਿਰ ਬਿਜਾਈ ਕੀਤੀ ਕਣਕ ਨੂੰ 45 ਕਿਲੋ ਯੂਰੀਆ ਪ੍ਰਤੀ ਏਕੜ ਪਹਿਲੇ ਅਤੇ ਦੂਜੇ ਪਾਣੀ ਨਾਲ ਪਾਉਣੀ ਚਾਹੀਦੀ ਹੈ । ਜੇਕਰ ਬਿਜਾਈ ਸਮੇਂ 55 ਕਿਲੋ ਡੀ.ਏ.ਪੀ. ਪ੍ਰਤੀ ਏਕੜ ਪਾ ਦਿੱਤੀ ਜਾਵੇ ਤਾਂ ਬਾਕੀ ਬਚਦੀ 20 ਕਿਲੋ ਯੂਰੀਆ ਘਟਾ ਦੇਣੀ ਚਾਹੀਦੀ ਹੈ । ਝੋਨੇ ਦੀ ਪਰਾਲੀ ਦੀ ਖੇਤ ਵਿਚ ਸੰਭਾਲ ਉਪਰੰਤ ਜਾਂ ਬਾਰਸ਼ ਨਾਲ ਖੇਤ ਵਿਚ ਵੱਧ ਨਮੀਂ ਰਹਿੰਦੀ ਹੈ ਜਿਸ ਨਾਲ ਦੂਜਾ ਪਾਣੀ ਦੇਰ ਨਾਲ ਲੱਗਦਾ ਹੈ । ਇਹਨਾ ਹਾਲਾਤਾਂ ਵਿਚ ਯੂਰੀਆ ਦੀ ਦੂਜੀ ਕਿਸ਼ਤ ਬਿਜਾਈ ਤੋਂ 55 ਦਿਨ ਦੇ ਅੰਦਰ ਵਿਚ ਪਾ ਦੇਣੀ ਚਾਹੀਦੀ ਹੈ ।

★ ਕਣਕ ਵਿਚ ਵਿਗਿਆਨਕ ਤਰੀਕੇ ਨਾਲ ਫਸਲ ਦਾ ਰੰਗ ਪੜ੍ਹ ਕੇ ਲੋੜ ਮੁਤਾਬਕ ਯੂਰੀਆ ਖਾਦ ਦੀ ਵਰਤੋਂ ਲਈ ਪੀ. ਏ. ਯੂ. ਪੱਤਾ ਰੰਗ ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ । ਸਮੇਂ ਸਿਰ ਬੀਜੀ ਕਣਕ ਨੂੰ ਪਹਿਲੇ ਪਾਣੀ ਨਾਲ 40 ਕਿਲੋ ਅਤੇ ਪਛੇਤੀ (ਅੱਧ ਦਸੰਬਰ ਤੋਂ ਬਾਅਦ ਵਾਲੀ) ਕਣਕ ਵਿਚ 25 ਕਿਲੋ ਯੂਰੀਆ/ਪ੍ਰਤੀ ਏਕੜ ਪਾਓ । ਬਿਜਾਈ ਤੋਂ ਲਗਭਗ 50-55 ਦਿਨ ਬਾਅਦ ਜਾਂ ਦੂਜੇ ਪਾਣੀ ਤੋਂ ਪਹਿਲਾਂ ਬਿਮਾਰੀਆਂ/ਕੀੜੇ-ਮਕੌੜਿਆਂ ਤੋਂ ਰਹਿਤ 10 ਜਾਂ ਵੱਧ ਬੂਟਿਆਂ ਦੇ ਉੱਪਰੋਂ ਖੁੱਲ੍ਹੇ ਪਹਿਲੇ ਪੱਤੇ ਦਾ ਰੰਗ ਆਪਣੇ ਪਰਛਾਵੇਂ ਵਿਚ ਪੀ.ਏ.ਯੂ. ਪੱਤਾ ਰੰਗ ਚਾਰਟ ਨਾਲ ਮਿਲਾਉ । ਜੇ 10 ਬੂਟਿਆਂ ਦੇ ਪੱਤਿਆਂ ਵਿੱਚੋਂ 6 ਜਾਂ ਵੱਧ ਦਾ ਰੰਗ ਟਿੱਕੀ ਨੰਬਰ 5.0 ਤੋਂ ਗੂੜਾ ਹੋਵੇ ਤਾਂ 15 ਕਿਲੋ ਯੂਰੀਆ/ਏਕੜ, ਰੰਗ 4.5 ਤੋਂ 5.0 ਟਿੱਕੀ ਦੇ ਵਿੱਚ ਹੋਵੇ ਤਾਂ 30 ਕਿਲੋ ਯੂਰੀਆ/ਏਕੜ, ਰੰਗ 4.5 ਤੋਂ 4.5 ਟਿੱਕੀ ਦੇ ਵਿੱਚ ਹੋਵੇ ਤਾਂ 40 ਕਿਲੋ ਯੂਰੀਆ/ਏਕੜ, ਰੰਗ 4 ਨੰਬਰ ਟਿੱਕੀ ਤੋਂ ਘੱਟ ਹੋਵੇ ਤਾਂ 55 ਕਿਲੋ ਯੂਰੀਆ/ਏਕੜ ਪਾਉ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 49
ਮਿਤੀ 07-12-2024

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**




# ਭਾਰਤ ਦੀ ਸਫੈਦ ਕ੍ਰਾਂਤੀ ਦਾ ਪਿਤਾਮਾ ਡਾ .ਵਰਗਿਸ ਕੁਰੀਅਨ

**ਡਾ. ਕੁਰੀਅਨ ਨੂੰ ਦੇਸ਼-ਵਿਦੇਸ਼ ਦੀਆਂ ਕੁੱਲ 12 ਨਾਮਵਰ ਯੂਨੀਵਰਸਿਟੀਆਂ ਤੋਂ ਆਨਰੇਰੀ ਡਾਕਟਰੇਟ ਦੀਆਂ ਡਿਗਰੀਆਂ ਸਨਮਾਨ ਵਜੋਂ ਮਿਲੀਆਂ, ਜਿਨ੍ਹਾਂ 'ਚ ਪ੍ਰਮੁੱਖ ਤੌਰ ਤੇ ਅਮਰੀਕਾ ਦੀ ਮਿਸ਼ੀਗਨ ਸਟੇਟ ਯੂਨੀਵਰਸਿਟੀ (1965), ਕੈਨੇਡਾ ਦੀ ਯੂਨੀਵਰਸਿਟੀ ਆਫ ਗੁਲੇਫ (1991), ਯੂ. ਕੇ. ਦੀ ਯੂਨੀਵਰਸਿਟੀ ਆਫ ਗਲਾਸਗੋ (1947) ਅਤੇ ਆਸਟ੍ਰੇਲੀਆ ਦੀ ਨਿਊ ਇੰਗਲੈਂਡ ਯੂਨੀਵਰਸਿਟੀ (1989) ਸ਼ਾਮਿਲ ਹਨ । ਉਨ੍ਹਾਂ ਦੇ ਭਾਰਤ ਨੂੰ ਡੇਅਰੀ ਖੇਤਰ 'ਚ ਆਤਮ-ਨਿਰਭਰ ਬਣਾਉਣ, ਡੇਅਰੀ ਕਿਸਾਨਾਂ, ਡੇਅਰੀ ਉਦਯੋਗ ਤੇ ਸਭਾਵਾਂ ਲਈ ਪਾਏ ਯੋਗਦਾਨ ਲਈ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ ਪਦਮ ਸ੍ਰੀ (1965), ਪਦਮ ਭੂਸ਼ਨ (1966) ਅਤੇ ਪਦਮ ਵਿਭੂਸ਼ਨ (1999) ਦੇ ਨਾਲ ਨਿਵਾਜਿਆ ਗਿਆ ।**


ਅਮਨਦੀਪ ਸਿੰਘ,
ਪਿੰਡ ਸਵੱਦੀ ਕਲਾਂ,
ਜ਼ਿਲ੍ਹਾ ਲੁਧਿਆਣਾ
ਮੋ. 94636-04698


ਡਾ. ਵਰਗਿਸ ਕੁਰੀਅਨ ਦਾ ਜਨਮ 26 ਨਵੰਬਰ 1921 ਨੂੰ ਕੋਜ਼ੀਕੋਡ, ਕੇਰਲਾ ਵਿਖੇ ਹੋਇਆ ਅਤੇ ਉਹ ਆਪਣੇ ਚਾਰ ਭੈਣ ਭਰਾਵਾਂ ਤੋਂ ਤੀਜੇ ਨੰਬਰ 'ਤੇ ਆਉਂਦੇ ਸਨ । ਆਪ ਨੇ ਬੀ. ਐੱਸ. ਸੀ. ਭੌਤਿਕ ਵਿਗਿਆਨ ਲੋਯੋਲਾ ਕਾਲਜ ਤੋਂ ਕਰਨ ਉਪਰੰਤ ਮਕੈਨੀਕਲ ਇੰਜੀਨੀਰਿੰਗ 'ਚ ਬੈਚੂਲਰ ਡਿਗਰੀ ਕੀਤੀ । ਪੜ੍ਹਾਈ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਦੀ ਚੋਣ ਟਾਟਾ ਸਟੀਲ ਕੰਪਨੀ 'ਚ ਗ੍ਰੈਜੂਏਟ ਅਪ੍ਰੈਂਟਿਸ ਵਜੋਂ ਹੋਈ, ਜਿੱਥੇ ਉਨ੍ਹਾਂ ਦਾ ਮਨ ਨਾ ਲੱਗਣ ਤੇ ਉਹ ਬ੍ਰਿਟਿਸ਼ ਸਰਕਾਰ ਦੇ ਵਜ਼ੀਫੇ 'ਤੇ ਅਮਰੀਕਾ ਦੀ ਮਿਸ਼ੀਗਨ ਸਟੇਟ ਯੂਨੀਵਰਸਿਟੀ 'ਚ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਚਲੇ ਗਏ ।

1948 'ਚ ਅਮਰੀਕਾ ਤੋਂ ਪਰਤਣ ਤੋਂ ਬਾਅਦ 1949 'ਚ ਉਨ੍ਹਾਂ ਨੂੰ ਸਰਕਾਰ ਵਲੋਂ ਗੌਰਮਿੰਟ ਰਿਸਰਚ ਕ੍ਰੀਮੇਰੀ, ਆਨੰਦ ਗੁਜਰਾਤ 'ਚ ਬਤੌਰ ਡੇਅਰੀ ਇੰਜੀਨੀਅਰ ਵਜੋਂ ਨੌਕਰੀ ਦਿੱਤੀ ਗਈ । ਆਨੰਦ, ਗੁਜਰਾਤ 'ਚ ਜਿੱਥੇ ਪਹਿਲਾਂ ਹੀ ਦੁੱਧ ਉਤਪਾਦਕਾਂ ਵਲੋਂ ਇਕ ਨਵੀਂ ਬਣਾਈ ਗਈ ਸਹਿਕਾਰੀ ਡੇਅਰੀ 'ਦਾ ਖੇੜਾ ਜ਼ਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਸੰਘ ਲਿਮਿਟਿਡ' ਇਕ ਨਿੱਜੀ 'ਪੋਲਸਨ' ਡੇਅਰੀ ਤੋਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਸੀ । ਇਨ੍ਹਾਂ ਡੇਅਰੀ ਕਿਸਾਨਾਂ ਦੀਆਂ ਚੁਣੌਤੀਆਂ ਨਾਲ ਨਜਿੱਠਣ ਅਤੇ ਉਨ੍ਹਾਂ ਲਈ ਕੁਝ ਕਰਨ ਲਈ ਡਾ. ਵਰਗਿਸ ਕੁਰੀਅਨ ਨੇ ਆਪਣੀ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਸਵੈ-ਇੱਛਾ ਨਾਲ ਖੇੜਾ ਸਹਿਕਾਰੀ ਡੇਅਰੀ ਦੇ ਚੇਅਰਮੈਨ ਸ੍ਰੀ ਤ੍ਰਿਭੁਵਨਦਾਸ ਪਟੇਲ ਦੀ ਮਦਦ ਕਰਨ ਲਈ ਬਤੌਰ ਮੈਨੇਜਰ ਡੇਅਰੀ 'ਚ ਨੌਕਰੀ ਸ਼ੁਰੂ ਕਰ ਦਿੱਤੀ । ਬ੍ਰਾਂਡ ਦੀ ਮਹੱਤਤਾ ਨੂੰ ਸਮਝਦੇ ਹੋਏ ਡਾ. ਕਰੀਅਨ ਨੇ ਇਸ ਡੇਅਰੀ ਲਈ 'ਅਮੂਲ' (ਸੰਖੇਪ ਰੂਪ ਆਨੰਦ ਮਿਲਕ ਯੂਨੀਅਨ ਲਿਮਿਟਿਡ) ਸ਼ਬਦ ਦੀ ਬ੍ਰਾਂਡ ਵਜੋਂ ਚੋਣ ਕੀਤੀ । 'ਅਮੂਲ' ਸੰਸਕ੍ਰਿਤ ਸ਼ਬਦ 'ਅਮੂਲਿਆ' ਤੋਂ ਲਿਆ ਗਿਆ ਸੀ, ਜਿਸ ਦਾ ਅਰਥ ਹੈ ਅਨਮੋਲ, ਬੇਸ਼ਕੀਮਤੀ । ਬਹੁਤ ਜਲਦੀ ਹੀ ਇਹ ਬ੍ਰਾਂਡ ਹਰ ਘਰ ਦੀ ਪਸੰਦ ਬਣ ਗਿਆ । ਅਮੂਲ ਨੇ ਗੁਜਰਾਤ 'ਚ ਕਈ ਪਿੰਡਾਂ ਦੇ ਸਮੂਹ ਲਈ ਕਈ ਸਹਿਕਾਰੀ ਸਭਾਵਾਂ ਬਣਾਈਆਂ । ਇਹ ਸਹਿਕਾਰੀ ਮਾਡਲ ਨੇ ਕਿਸਾਨਾਂ ਨੂੰ ਕੇਵਲ ਆਮਦਨ ਹੀ ਨਹੀਂ ਦਿਵਾਈ, ਸਗੋਂ ਇਕ ਸਮਾਜਿਕ ਕ੍ਰਾਂਤੀ ਵੀ ਲਿਆਂਦੀ ।

ਅਮੂਲ ਦੀ ਸਫਲਤਾ ਦੀ ਕਹਾਣੀ ਨੂੰ ਪੂਰੇ ਦੇਸ਼ 'ਚ ਪੂਰੀ ਤਰ੍ਹਾਂ ਦੁਹਰਾਉਣ ਲਈ 1965 'ਚ ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਡਾ. ਕੁਰੀਅਨ ਨਾਲ ਮਿਲ ਕੇ ਨੈਸ਼ਨਲ ਡੇਅਰੀ ਡਿਵੈਲਪਮੈਂਟ ਬੋਰਡ ਬਣਾਇਆ । ਡਾ. ਕੁਰੀਅਨ 1965 ਤੋਂ 1998 ਤੱਕ ਇਸ ਬੋਰਡ ਦੇ ਚੇਅਰਮੈਨ ਰਹੇ ਅਤੇ ਉਨ੍ਹਾਂ ਦੀ ਅਗਵਾਈ ਹੇਠ 1970 'ਚ ਭਾਰਤ 'ਚ 'ਆਪਰੇਸ਼ਨ ਫਲੱਡ' (ਭਾਵ ਦੁੱਧ ਦੇ ਹੜ੍ਹ) ਦੀ ਸ਼ੁਰੂਆਤ ਕੀਤੀ ਗਈ, ਇਹ ਆਪਰੇਸ਼ਨ ਪੂਰੀ ਦੁਨੀਆਂ ਦਾ ਸਭ ਤੋਂ ਵੱਡੇ ਪੱਧਰ ਦਾ ਪੇਂਡੂ ਵਿਕਾਸ ਪ੍ਰੋਗਰਾਮ ਸੀ, ਜੋ ਕਿ 1996 ਤੱਕ ਤਿੰਨ ਪੜਾਵਾਂ 'ਚ ਚੱਲਿਆ । ਇਸ ਆਪਰੇਸ਼ਨ ਦਾ ਮੁੱਖ ਮੰਤਵ ਭਾਰਤ 'ਚ ਅਮੂਲ ਪੈਟਰਨ ਨੂੰ ਦੁਹਰਾਉਣਾ, ਦੁੱਧ ਦੀ ਪੈਦਾਵਾਰ ਨੂੰ ਵਧਾਉਣਾ, ਦੁੱਧ ਦੀ ਗੁਣਵੱਤਾ 'ਚ ਸੁਧਾਰ ਲਿਆਉਣਾ, ਪੇਂਡੂ ਦੁੱਧ ਉਤਪਾਦਕਾਂ ਦਾ ਸਸ਼ਕਤੀਕਰਨ ਕਰਨਾ, ਡੇਅਰੀ ਕਿਸਾਨਾਂ ਨੂੰ ਵਾਜਬ ਭਾਅ ਮੁਹੱਈਆ ਕਰਾਉਣਾ, ਦੁਧਾਰੂ ਜਾਨਵਰਾਂ ਦੀ ਸਿਹਤ, ਟੀਕਾਕਰਨ, ਚੰਗੀਆਂ ਤੇ ਸੁੱਧਰੀਆਂ ਨਸਲਾਂ ਵੱਲ ਧਿਆਨ ਦੇਣਾ ਸੀ । ਇਸ ਆਪਰੇਸ਼ਨ ਨੇ ਭਾਰਤ 'ਚ ਸਫੇਦ ਕ੍ਰਾਂਤੀ ਲਿਆ ਦਿੱਤੀ । 1968-69 'ਚ, ਆਪਰੇਸ਼ਨ ਫਲੱਡ ਦੇ ਸ਼ੁਰੂ ਹੋਣ ਤੋਂ ਪਹਿਲਾਂ ਭਾਰਤ 'ਚ ਦੁੱਧ ਦਾ ਉਤਪਾਦਨ ਕੇਵਲ 21.2 ਮਿਲੀਅਨ ਟਨ ਅਤੇ ਦੁੱਧ ਦੀ ਪ੍ਰਤੀ ਵਿਅਕਤੀ ਉਪਲਬਧਤਾ 107 ਗ੍ਰਾਮ ਪ੍ਰਤੀ ਦਿਨ ਸੀ, ਜੋ ਕਿ ਆਪਰੇਸ਼ਨ ਦੇ ਅਖੀਰ ਭਾਵ 1996-97 'ਚ ਵੱਧ ਕੇ 69.1 ਮਿਲੀਅਨ ਟਨ ਅਤੇ 200 ਗ੍ਰਾਮ ਕ੍ਰਮਵਾਰ ਹੋ ਗਈ ਸੀ । ਇਸ ਮਿਸ਼ਨ ਨੇ ਭਾਰਤ ਦੀਆਂ ਇਹੋ ਜਿਹੀਆਂ ਜੜ੍ਹਾਂ ਲਾਈਆਂ ਕਿ ਭਾਰਤ ਅੱਜ ਦੁੱਧ ਉਤਪਾਦਨ 'ਚ ਵਿਸ਼ਵ 'ਚੋਂ ਪਹਿਲੇ ਨੰਬਰ 'ਤੇ ਹੈ । ਭਾਰਤ ਸਰਕਾਰ ਦੇ ਤਾਜ਼ਾ ਬੇਸਿਕ ਪਸ਼ੂ ਪਾਲਣ ਅੰਕੜੇ (2023) ਮੁਤਾਬਿਕ ਭਾਰਤ ਨੇ ਸਾਲ 2022-23 'ਚ 230.58 ਮਿਲੀਅਨ ਟਨ ਦੁੱਧ ਪੈਦਾ ਕੀਤਾ ਅਤੇ ਦੁੱਧ ਦੀ ਪ੍ਰਤੀ ਵਿਅਕਤੀ ਉਪਲਬਧਤਾ 459 ਗ੍ਰਾਮ ਪ੍ਰਤੀ ਦਿਨ ਸੀ, ਜੋ ਕਿ ਹੁਣ ਤੱਕ ਦੇ ਸਭ ਤੋਂ ਵੱਡੇ ਅੰਕੜੇ ਹਨ । ਪਾਠਕਾਂ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਵਿਸ਼ਵ ਪੱਧਰ 'ਤੇ ਦੁੱਧ ਦੀ ਪ੍ਰਤੀ ਵਿਅਕਤੀ ਉਪਲਬਧਤਾ 322 ਗ੍ਰਾਮ ਪ੍ਰਤੀ ਦਿਨ ਹੈ, ਜੋ ਕਿ ਭਾਰਤ ਦੇ ਮੁਕਾਬਲੇ 137 ਗ੍ਰਾਮ ਘੱਟ ਹੈ ।

ਗੁਜਰਾਤ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਸਹਿਕਾਰੀ ਡੇਅਰੀ ਸਭਾਵਾਂ 'ਤੇ ਯੂਨੀਅਨਾਂ ਨੂੰ ਇਕ ਛਤਰ-ਛਾਇਆ ਹੇਠ ਲਿਆਉਣ ਲਈ ਡਾ. ਕੁਰੀਅਨ ਨੇ 1973 'ਚ ਗੁਜਰਾਤ ਸਹਿਕਾਰੀ ਮਿਲਕ ਮਾਰਕੀਟਿੰਗ ਫੈਡਰੇਸ਼ਨ (GCMMF) ਦੀ ਸਥਾਪਨਾ ਕੀਤੀ ਤਾਂ ਜੋ ਸਹਿਕਾਰੀ ਡੇਅਰੀ ਸਭਾਵਾਂ ਸੰਯੁਕਤ ਅਤੇ ਮਜ਼ਬੂਤ ਹੋ ਕੇ ਪ੍ਰਾਈਵੇਟ ਸੈਕਟਰ ਦਾ ਮੁਕਾਬਲਾ ਕਰ ਸਕਣ । ਡਾ. ਕੁਰੀਅਨ 1973 ਤੋਂ 2005 ਤੱਕ ਇਸ ਸੰਸਥਾ ਦੇ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਰਹੇ । ਇਸ ਫੈਡਰੇਸ਼ਨ ਦਾ ਮੁੱਖ ਮੰਤਵ ਅਮੂਲ ਨਾਂਅ ਦੇ ਬ੍ਰਾਂਡ ਹੇਠ ਭਾਰਤ ਤੇ ਵਿਦੇਸ਼ਾਂ 'ਚ ਦੁੱਧ, ਅਤੇ ਦੁੱਧ ਆਧਾਰਿਤ ਭੋਜਨ ਉਤਪਾਦਾਂ ਦੀ ਵਿਕਰੀ, ਮਾਰਕੀਟਿੰਗ ਤੇ ਆਪਣੀਆਂ ਮੈਂਬਰ ਯੂਨੀਅਨਾਂ ਦੇ ਨਾਲ-ਨਾਲ ਆਪਣੇ ਕਿਸਾਨਾਂ ਨੂੰ ਆਰਥਿਕ ਤੇ ਵਿੱਤੀ ਸਹਿਯੋਗ ਦੇਣਾ ਵੀ ਹੀ ਹੈ । ਅੱਜ ਇਹ ਫੈਡਰੇਸ਼ਨ ਆਪਣੀਆਂ 18 ਮੈਂਬਰ ਯੂਨੀਅਨਾਂ ਨਾਲ ਮਿਲ ਕੇ 18,600 ਪੇਂਡੂ ਸਹਿਕਾਰੀ ਸਭਾਵਾਂ ਦੇ 36 ਲੱਖ ਤੋਂ ਵਧੇਰੇ ਕਿਸਾਨਾਂ ਤੋਂ ਔਸਤਨ 270 ਲੱਖ ਲੀਟਰ ਦੁੱਧ ਪ੍ਰਤੀ ਦਿਨ ਖਰੀਦ ਰਹੀ ਹੈ ਅਤੇ ਇਸ ਦਾ ਕਾਰੋਬਾਰ ਤਕਰੀਬਨ 59,545 ਕਰੋੜ ਰੁਪਏ (ਲਗਭਗ 7 ਬਿਲੀਅਨ ਅਮਰੀਕੀ ਡਾਲਰ) ਹੈ, ਜਿਸ ਦਾ ਸਿਹਰਾ ਡਾ. ਕੁਰੀਅ ਨ ਨੂੰ ਜਾਂਦਾ ਹੈ । ਡਾ. ਕੁਰੀਅਨ ਨੇ ਪੇਂਡੂ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰਨ, ਪ੍ਰਸ਼ਾਸਕੀ ਪ੍ਰਬੰਧਕ ਗੁਣਵੱਤਾ ਦੀ ਮਹੱਤਤਾ ਨੂੰ ਸਮਝਦੇ ਹੋਏ ਇੰਸਟੀਚਿਊਟ ਆਫ ਰੂਰਲ ਮੈਨੇਜਮੈਂਟ ਆਨੰਦ (IRMA), ਗੁਜਰਾਤ ਦੀ ਸਥਾਪਨਾ ਕਰਵਾਈ । ਆਪ 1979 ਤੋਂ 2005 ਤੱਕ ਇਕ ਇੰਸਟੀਚਿਊਟ ਦੇ ਚੇਅਰਮੈਨ ਰਹੇ । ਡਾ. ਕੁਰੀਅਨ ਨੂੰ ਦੇਸ਼-ਵਿਦੇਸ਼ ਦੀਆਂ ਕੁੱਲ 12 ਨਾਮਵਰ ਯੂਨੀਵਰਸਿਟੀਆਂ ਤੋਂ ਆਨਰੇਰੀ ਡਾਕਟਰੇਟ ਦੀਆਂ ਡਿਗਰੀਆਂ ਸਨਮਾਨ ਵਜੋਂ ਮਿਲੀਆਂ, ਜਿਨ੍ਹਾਂ 'ਚ ਪ੍ਰਮੁੱਖ ਤੌਰ ਤੇ ਅਮਰੀਕਾ ਦੀ ਮਿਸ਼ੀਗਨ ਸਟੇਟ ਯੂਨੀਵਰਸਿਟੀ (1965), ਕੈਨੇਡਾ ਦੀ ਯੂਨੀਵਰਸਿਟੀ ਆਫ ਗੁਲੇਫ (1991), ਯੂ. ਕੇ. ਦੀ ਯੂਨੀਵਰਸਿਟੀ ਆਫ ਗਲਾਸਗੋ (1947) ਅਤੇ ਆਸਟ੍ਰੇਲੀਆ ਦੀ ਨਿਊ ਇੰਗਲੈਂਡ ਯੂਨੀਵਰਸਿਟੀ (1989) ਸ਼ਾਮਿਲ ਹਨ । ਉਨ੍ਹਾਂ ਦੇ ਭਾਰਤ ਨੂੰ ਡੇਅਰੀ ਖੇਤਰ 'ਚ ਆਤਮ-ਨਿਰਭਰ ਬਣਾਉਣ, ਡੇਅਰੀ ਕਿਸਾਨਾਂ, ਡੇਅਰੀ ਉਦਯੋਗ ਤੇ ਸਭਾਵਾਂ ਲਈ ਪਾਏ ਯੋਗਦਾਨ ਲਈ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ ਪਦਮ ਸ੍ਰੀ (1965), ਪਦਮ ਭੂਸ਼ਨ (1966) ਅਤੇ ਪਦਮ ਵਿਭੂਸ਼ਨ



(1999) ਦੇ ਨਾਲ ਨਿਵਾਜਿਆ ਗਿਆ । ਅੰਤਰਰਾਸ਼ਟਰੀ ਪੱਧਰ ਦਾ ਵੱਕਾਰੀ ਐਵਾਰਡ 'ਵਰਲਡ ਫੂਡ ਪ੍ਰਾਈਜ਼' (1989) ਅਤੇ ਏਸ਼ੀਆ ਦਾ ਨੋਬਲ ਪ੍ਰਾਈਜ਼ ਕਿਹਾ ਜਾਣ ਵਾਲਾ 'ਰੈਮਨ ਮੈਗਸੇਸੇ ਐਵਾਰਡ' (ਕਮਿਊਨਿਟੀ ਲੀਡਰਸ਼ਿਪ ਸ਼੍ਰੇਣੀ 'ਚ) ਵੀ 1963 'ਚ ਡਾ. ਕੁਰੀਅਨ ਦੀ ਝੋਲੀ ਪਿਆ । ਭਾਰਤ ਦੇ ਇਸ ਸਪੂਤ ਨੇ 9 ਸਤੰਬਰ 2012 ਨੂੰ ਗੁਜਰਾਤ 'ਚ ਆਖਰੀ ਸਾਹ ਲਏ । ਅਸੀਂ ਡੇਅਰੀ ਖੇਤੀ 'ਚ ਉਨ੍ਹਾਂ ਵਲੋਂ ਪਾਏ ਯੋਗਦਾਨ ਲਈ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ ।

# ਬੇਹੱਦ ਮੰਦੀ ਸਥਿਤੀ ਵਿੱਚ ਹਨ ਦੇਸ਼ ਦੇ ਕਿਸਾਨ



ਦਵਿੰਦਰ ਸ਼ਰਮਾ
ਖੁਰਾਕ ਅਤੇ ਖੇਤੀਬਾੜੀ ਮਾਹਿਰ
ਮੋ. 08171030033

ਕੁਝ ਦਿਨ ਪਹਿਲਾਂ ਸੋਸ਼ਲ ਮੀਡੀਆ 'ਤੇ ਇਕ ਤਸਵੀਰ ਸਾਂਝੀ ਕੀਤੀ ਗਈ, ਜਿਸ 'ਚ ਕਿਸਾਨਾਂ ਦੀ ਵਧ ਰਹੀ ਪ੍ਰੇਸ਼ਾਨੀ ਤੇ ਉਨ੍ਹਾਂ ਦੀ ਲਗਾਤਾਰ ਹੋ ਰਹੀ ਦੁਰਦਸ਼ਾ ਨੂੰ ਦਰਸਾਇਆ ਗਿਆ ਸੀ। ਵਾਇਰਲ ਹੋਈ ਇਸ ਤਸਵੀਰ ਨੂੰ ਵੇਖ ਕੇ ਕਿਸਾਨਾਂ ਨਾਲ ਹੋ ਰਹੀ ਬੇਰੁਖੀ ਤੇ ਅੱਤਿਆਚਾਰ ਦਾ ਅਹਿਸਾਸ ਹੋਇਆ, ਜਿਸ ਦਾ ਕਿਸਾਨਾਂ ਨੂੰ ਹਰ ਦੂਜੇ ਦਿਨ ਸਾਹਮਣਾ ਕਰਨਾ ਪੈਂਦਾ ਹੈ। ਇਹ ਤਸਵੀਰ ਆਪਣੇ ਆਪ 'ਚ ਦਰਦਨਾਕ ਹੈ, ਜਿਸ 'ਚ ਇਕ ਬਜ਼ੁਰਗ ਕਿਸਾਨ ਪੰਜਾਬ ਦੀ ਇਕ ਮੰਡੀ 'ਚ ਆਪਣੇ ਨਾ ਵਿਕੇ ਝੋਨੇ ਦੀ ਢੇਰੀ ਵਿਚਕਾਰ ਹੱਥ ਜੋੜ ਕੇ ਖੜ੍ਹਾ ਹੈ। ਉਹ ਇਕ ਸੀਨੀਅਰ ਜ਼ਿਲ੍ਹਾ ਪ੍ਰਸ਼ਾਸਕ ਦੇ ਸਾਹਮਣੇ ਖੜ੍ਹਾ ਹੈ, ਜਿਸ ਦੇ ਨਾਲ ਹੋਰ ਕਈ ਸੀਨੀਅਰ ਸਨ। ਸ਼ਾਇਦ ਉਹ ਜ਼ਿਲ੍ਹਾ ਪ੍ਰਸ਼ਾਸਕ ਉਸ ਸਮੇਂ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣਨ ਦੀ ਕੋਸ਼ਿਸ਼ ਕਰ ਰਿਹਾ ਸੀ, ਜਦੋਂ ਝੋਨਾ ਆਮ ਵਾਂਗ ਨਹੀਂ ਚੁੱਕਿਆ ਜਾ ਰਿਹਾ ਸੀ। ਇਹ ਤੱਥ ਹੈ ਕਿ ਕਿਸਾਨ ਬੇਵੱਸ ਹੋਣ ਕਰਕੇ ਆਪਣੀ ਬੇਚਾਰਗੀ ਦੇ ਚਲਦਿਆਂ ਪ੍ਰਸ਼ਾਸਨ ਅੱਗੇ ਹੱਥ ਜੋੜ ਕੇ ਉਨ੍ਹਾਂ ਨੂੰ ਬਚਾਉਣ ਦੀ ਬੇਨਤੀ ਕਰ ਰਹੇ ਹਨ, ਜੋ ਬਹੁਤ ਹੀ ਮੰਦਭਾਗਾ ਹੈ। ਦੇਸ਼ ਦਾ ਢਿੱਡ ਭਰਨ ਵਾਲੇ ਇਹ ਲੋਕ ਇੰਨੇ ਲਾਚਾਰ ਹੋਏ ਪਏ ਹਨ ਕਿ ਉਨ੍ਹਾਂ ਨੂੰ ਸਰਕਾਰੀ ਅਧਿਕਾਰੀਆਂ ਅੱਗੇ ਝੋਨੇ ਦੀ ਸੁਸਤ ਚਾਲ ਖਰੀਦ ਨੂੰ ਤੇਜ਼ ਕਰਨ ਤੇ ਵਾਜਬ ਮੁੱਲ ਲੈਣ ਲਈ ਮਿੰਨਤਾਂ ਕਰਨੀਆਂ ਪੈ ਰਹੀਆਂ ਹਨ ਤਾਂ ਜੋ ਉਹ ਆਪਣੀ ਫਸਲ ਨੂੰ ਵੇਚ ਕੇ ਅਗਲੀ ਫਸਲ ਬੀਜਣ ਲਈ ਖੇਤਾਂ ਨੂੰ ਤਿਆਰ ਕਰ ਸਕਣ।

ਇਹ ਤੱਥ ਦਰਸਾਉਂਦਾ ਹੈ ਕਿ ਕਿਸਾਨਾਂ ਨੂੰ ਹੌਲੀ-ਹੌਲੀ ਗੰਭੀਰ ਸੰਕਟ ਵੱਲ ਧੱਕਿਆ ਜਾ ਰਿਹਾ ਹੈ, ਉਨ੍ਹਾਂ ਪ੍ਰਤੀ ਵਿਵਸਥਾ (ਸਿਸਟਮ) ਕਿੰਨੀ ਸੰਵੇਦਨਹੀਣ ਹੋ ਚੁੱਕੀ ਹੈ ? ਜੇ ਇਸ ਸਾਲ ਝੋਨੇ ਦੀ ਰਿਕਾਰਡ ਪੈਦਾਵਾਰ ਹੋਣ ਬਾਅਦ ਵੀ ਕਿਸਾਨਾਂ ਨੂੰ ਮੰਡੀਆਂ 'ਚ ਆਪਣੀ ਫਸਲ ਵੇਚਣ ਲਈ ਇੰਨੀ ਉਡੀਕ ਕਰਨੀ ਪਈ ਹੈ ਤਾਂ ਇਸ ਤੋਂ ਪਤਾ ਲੱਗਦਾ ਹੈ ਕਿ ਦੋਵੇਂ ਸਰਕਾਰਾਂ-ਕੇਂਦਰ ਤੇ ਸੂਬਾ ਸਰਕਾਰ ਕਿਸਾਨਾਂ ਨਾਲ ਕਿਹੋ ਜਿਹਾ ਸਲੂਕ ਕਰ ਰਹੀਆਂ ਹਨ। ਫਿਰੋਜ਼ਪੁਰ ਮੰਡੀ 'ਚ ਝੋਨੇ ਦੀਆਂ ਬੋਰੀਆਂ 'ਤੇ ਬੈਠੇ ਨਿਰਾਸ਼ ਕਿਸਾਨ ਸੁਖਜੀਤ ਸਿੰਘ ਨੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਅਸੀਂ ਆਪਣੀ ਫਸਲ ਸਮੇਂ ਸਿਰ ਨਹੀਂ ਵੇਚ ਸਕਦੇ ਤਾਂ ਸਾਨੂੰ ਦੱਸੋ, ਅਸੀਂ ਆਪਣੇ ਬੱਚਿਆਂ ਨੂੰ ਇਥੇ ਕਿਉਂ ਰੁਲਣ ਦੇਈਏ ? ਉਹ ਤਾਂ ਚਾਹੇਗਾ ਕਿ ਉਨ੍ਹਾਂ ਦੇ ਬੱਚੇ ਕੈਨੇਡਾ ਜਾਂ ਆਸਟ੍ਰੇਲੀਆ ਚਲੇ ਜਾਣ। ਇਕ ਹੋਰ ਕਿਸਾਨ ਦਾ ਸਪੱਸ਼ਟ ਰੁਖ 'ਚ ਕਹਿਣਾ ਸੀ ਕਿ ਸਾਨੂੰ ਕੇਂਦਰ ਵਲੋਂ ਪੇਸ਼ ਕੀਤੇ 3 ਵਿਵਾਦਤ ਖੇਤੀ ਕਾਨੂੰਨਾਂ ਨੂੰ ਸਰਕਾਰ ਨੂੰ ਵਾਪਸ ਲੈਣ ਲਈ ਮਜਬੂਰ ਕਰਨ ਦੀ ਸਜ਼ਾ ਦਿੱਤੀ ਜਾ ਰਹੀ ਹੈ। ਸ਼ਾਇਦ ਸਰਕਾਰ ਉਨ੍ਹਾਂ ਦਿਨਾਂ ਨੂੰ ਭੁੱਲ ਗਈ ਹੈ, ਜਦੋਂ ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਭੁੱਖਮਰੀ ਦੇ ਜਾਲ 'ਚੋਂ ਬਾਹਰ ਕੱਢਿਆ ਸੀ।



ਮੈਂ ਇਹ ਸੁਣ ਕੇ ਸੁੰਨ ਰਹਿ ਗਿਆ। ਦੋ ਹੋਰ ਘਟਨਾਵਾਂ ਦੀ ਯਾਦ ਦਿਵਾਉਂਦਾ ਹੈ, ਜੋ ਸਮਾਜ 'ਚ ਕਿਸਾਨੀ ਭਾਈਚਾਰੇ ਪ੍ਰਤੀ ਵਧ ਰਹੀ ਬੇਰੁਖੀ ਨੂੰ ਦੂਰ ਕਰਨ 'ਚ ਨਾਕਾਮ ਰਹਿਣ ਨੂੰ ਦਰਸਾਉਂਦੀਆਂ ਹਨ ਕੁਝ ਦਿਨ ਪਹਿਲਾਂ ਅਸੀਂ ਮੱਧ ਪ੍ਰਦੇਸ਼ ਦੇ ਇਕ ਕਿਸਾਨ ਦਾ ਇਕ ਛੋਟਾ ਜਿਹਾ ਵੀਡੀਓ ਵੇਖਿਆ, ਜਿਸ 'ਚ ਉਹ ਆਪਣੀ 'ਚੋਰੀ ਕੀਤੀ ਗਈ' ਜ਼ਮੀਨ ਵਾਪਸ ਲੈਣ ਲਈ ਮੰਦਸੌਰ ਦੇ ਜ਼ਿਲ੍ਹਾ ਕੁਲੈਕਟਰ ਦਫਤਰ ਦੇ ਫਰਸ਼ 'ਤੇ ਹੱਥ ਜੋੜ ਕੇ ਲੰਮਾ ਪਿਆ ਹੈ। ਰਿਪੋਰਟ ਮੁਤਾਬਿਕ ਇਹ ਕਿਸਾਨ ਉੱਥੇ ਕੰਮ ਕਰਦੇ ਇਕ ਸਰਕਾਰੀ ਅਧਿਕਾਰੀ ਵਲੋਂ ਹੜੱਪੀ ਗਈ ਆਪਣੀ ਜ਼ਮੀਨ ਵਾਪਸ ਲੈਣ ਲਈ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਸੂਬੇ ਦੇ ਮੁੱਖ ਮੰਤਰੀ ਤੱਕ ਨੂੰ ਮਦਦ ਕਰਨ ਦੀ ਅਪੀਲ ਕਰ ਚੁੱਕਾ ਹੈ। ਮੈਨੂੰ ਯਕੀਨ ਨਹੀਂ ਕਿ ਜ਼ਿਲ੍ਹਾ ਡਿਪਟੀ ਕਮਿਸ਼ਨਰ ਨੇ ਪੀੜਤ ਕਿਸਾਨ ਦੀ ਬੇਨਤੀ ਨੂੰ ਧਿਆਨਪੂਰਵਕ ਸੁਣਿਆ ਹੋਵੇਗਾ ਤੇ ਉਕਤ ਅਧਿਕਾਰੀ ਖਿਲਾਫ ਕੋਈ ਉਚਿਤ ਕਾਰਵਾਈ ਸ਼ੁਰੂ ਕੀਤੀ ਹੋਵੇਗੀ। ਪਰ ਪ੍ਰੇਸ਼ਾਨ ਕਰਨ ਵਾਲਾ ਸਵਾਲ ਇਹ ਹੈ ਕਿ ਕਿਸਾਨਾਂ ਦੀਆਂ ਸ਼ਿਕਾਇਤਾਂ ਨੂੰ ਉਵੇਂ ਜਲਦੀ ਹੱਲ ਕਿਉਂ ਨਹੀਂ ਕੀਤਾ ਜਾਂਦਾ, ਜਿੰਨੀ ਜਲਦੀ ਉਦਯੋਗ ਜਗਤ ਨਾਲ ਸੰਬੰਧਿਤ ਸ਼ਿਕਾਇਤਾਂ ਦਾ ਨਿਪਟਾਰਾ ਹੋ ਜਾਂਦਾ ਹੈ ? ਕੀ 'ਈਜ਼ ਆਫ ਡੂਇੰਗ ਬਿਜ਼ਨਸ' ਦੀ ਤਰ੍ਹਾਂ 'ਈਜ਼ ਆਫ ਡੂਇੰਗ ਫਾਰਮਿੰਗ' ਲਈ ਕੋਈ ਅਜਿਹੀ ਪਹਿਲਕਦਮੀ ਕੀਤੀ ਜਾ ਸਕਦੀ ਹੈ ?

ਇਕ ਹੋਰ ਘਟਨਾ ਜੋ ਮੇਰੇ ਦਿਮਾਗ 'ਚ ਆਉਂਦੀ ਹੈ ਉਹ ਵੀ ਬਹੁਤ ਦੁਖਦਾਈ ਹੈ। ਕਰਨਾਟਕ ਦੇ ਸ਼ਿਮੋਗਾ ਜ਼ਿਲ੍ਹੇ 'ਚ ਕੁਝ ਮਹੀਨੇ ਪਹਿਲਾਂ ਇਕ ਕਿਸਾਨ ਨੂੰ ਬੈਂਕ ਵਲੋਂ ਕਰਜ਼ੇ ਦੀ ਬਕਾਇਆ ਰਕਮ ਤੁਰੰਤ ਵਾਪਸ ਕਰਨ ਲਈ ਕਿਹਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਉਸ ਇਲਾਕੇ 'ਚ ਆਵਾਜਾਈ ਉਪਲਬੱਧ ਨਾ ਹੋਣ ਕਰਕੇ ਕਿਸਾਨ 15 ਕਿਲੋਮੀਟਰ ਪੈਦਲ ਚੱਲ ਕੇ ਬੈਂਕ ਪੁੱਜਾ। ਬੈਂਕ ਪੁੱਜਣ 'ਤੇ ਉਸ ਨੂੰ ਪਤਾ ਲੱਗਾ ਕਿ ਉਸ ਨੇ ਬੈਂਕ ਦੇ ਸਿਰਫ 3.46 ਰੁਪਏ ਦੇਣੇ ਸਨ। ਬੈਂਕ ਵਲੋਂ ਜਿਸ ਬੇਰੁਖੀ ਤੇ ਕਾਹਲੀ ਨਾਲ ਕਿਸਾਨ ਨੂੰ ਬਕਾਇਆ ਮੋੜਨ ਲਈ ਕਿਹਾ ਗਿਆ, ਇਹ ਬੈਂਕਾਂ ਦੇ ਦੋਹਰੇ ਚਰਿਤਰ ਨੂੰ ਦਰਸਾਉਂਦਾ ਹੈ। ਇਕ ਪਾਸੇ ਬੈਂਕਾਂ ਲਈ ਕਿਸਾਨਾਂ ਦੀ ਛੋਟੀ ਜਿਹੀ ਬਕਾਇਆ ਰਕਮ ਵੀ ਘਬਰਾਹਟ ਦੀ ਸਥਿਤੀ ਬਣ ਜਾਂਦੀ ਹੈ, ਪਰ ਜਦੋਂ ਗੱਲ ਕਾਰਪੋਰੇਟ ਡਿਫਾਲਟਰਾਂ ਦੇ ਸੈਂਕੜੇ ਕਰੋੜਾਂ ਦੇ ਡੁੱਬੇ ਕਰਜ਼ਿਆਂ ਦੀ ਆਉਂਦੀ ਹੈ ਤਾਂ ਇਨ੍ਹਾਂ ਨੂੰ ਇਕੋ ਝਟਕਾ 'ਚ ਮੁਆਫ (ਰਾਈਟ ਆਫ) ਕਰ ਦਿੱਤਾ ਜਾਂਦਾ ਹੈ। ਰਿਕਾਰਡ ਲਈ, ਪਿਛਲੇ 10 ਸਾਲਾਂ 'ਚ 15 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੇ ਕਾਰਪੋਰੇਟ ਕਰਜ਼ੇ ਮੁਆਫ ਕੀਤੇ ਗਏ ਹਨ।

ਇਹ ਵੇਖਣਾ ਖੁਸ਼ੀ ਦੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਕਿਸਾਨਾਂ ਨਾਲ ਹਮਦਰਦੀ ਕਰਦਿਆਂ ਕਰਨਾਟਕ ਸਰਕਾਰ ਦੁਆਰਾ ਦਾਇਰ ਇਕ ਮਾਮਲੇ ਨੂੰ ਖਾਰਜ ਕਰ ਦਿੱਤਾ ਹੈ, ਜਿਸ 'ਚ ਕ੍ਰਿਸ਼ਨਾ ਨਦੀ ਦੇ ਹਿੱਪਰਗੀ ਪ੍ਰਮੁੱਖ ਸਿੰਚਾਈ ਪ੍ਰਾਜੈਕਟ ਦੇ ਨਿਰਮਾਣ ਲਈ ਕਿਸਾਨਾਂ ਤੋਂ ਐਕੁਆਇਰ ਕੀਤੀ ਜ਼ਮੀਨ ਲਈ ਮੁਆਵਜ਼ੇ ਨੂੰ ਵਧਾਉਣ ਦੇ ਹਾਈਕੋਰਟ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਗਈ ਸੀ। ਜਸਟਿਸ ਸੂਰਿਆ ਕਾਂਤ ਤੇ ਉੱਜਲ ਭੂਯਾਨ ਦੇ ਬੈਂਚ ਨੇ ਕਰਨਾਟਕ ਸਰਕਾਰ ਦੀ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਕਿਸਾਨ ਸੰਕਟਗ੍ਰਸਤ ਹਨ ਤੇ ਸੂਬੇ 'ਚ ਹਰ ਸਾਲ ਹਜ਼ਾਰਾਂ ਕਿਸਾਨ ਖੁਦਕੁਸ਼ੀਆਂ ਕਰਦੇ, ਉਨ੍ਹਾਂ ਨੂੰ ਜੀਵਤ ਰਹਿਣ ਦੇਣਾ ਚਾਹੀਦਾ ਹੈ। ਬੈਂਚ ਨੇ ਕਿਹਾ ਕਿਸਾਨ ਬਹੁਤ ਦੁਖੀ ਹਨ, ਜੇਕਰ ਤੁਸੀਂ ਵਧੇ ਹੋਏ ਮੁਆਵਜ਼ੇ ਦਾ ਭੁਗਤਾਨ ਨਹੀਂ ਕਰਨਾ ਚਾਹੁੰਦੇ ਤਾਂ ਕਿਸਾਨਾਂ ਨੂੰ ਜ਼ਮੀਨ ਵਾਪਸ ਕਿਉਂ ਨਹੀਂ ਕਰ ਦਿੰਦੇ ? ਬੈਂਚ ਨੇ ਕਿਹਾ ਕਿ ਕਿਸਾਨਾਂ ਨੂੰ ਉਚਿਤ ਮੁਆਵਜ਼ੇ ਦੀ ਲੋੜ ਤੇ ਉਨ੍ਹਾਂ ਨੂੰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਦੇ ਇਸ ਮਾਮਲੇ 'ਚ ਦਿਆਲਤਾ ਵਾਲੇ ਫੈਸਲੇ ਨੂੰ ਅਪਵਾਦ

ਬਾਕੀ ਸਫਾ 6 'ਤੇ



# ਅਲਸੀ ਅਪਣਾਉ ਸਿਹਤਮੰਦ ਜੀਵਨ ਪਾਓ

ਸੋਨਿਕਾ ਸ਼ਰਮਾ, ਨੀਰਜਾ ਸਿੰਗਲਾ ਅਤੇ ਪੂਨਮ ਅਗਰਵਾਲ

ਤੇਲਬੀਜਾਂ ਨੂੰ ਕੁਦਰਤੀ ਤੇਲਾਂ ਦਾ ਇਕ ਸਰਵ ਉੱਤਮ ਸਰੋਤ ਮੰਨਿਆ ਗਿਆ ਹੈ। ਤੇਲਬੀਜਾਂ ਦੇ ਸਿਹਤ ਸੰਬੰਧੀ ਬਹੁਤ ਸਾਰੇ ਲਾਭ ਹੋਣ ਕਰਕੇ ਇਨ੍ਹਾਂ ਨੂੰ ਸਿਹਤਮੰਦ ਖੁਰਾਕ ਦੀ ਵਿਉਂਤਬੰਦੀ ਵਿੱਚ ਵੀ ਸ਼ਾਮਿਲ ਕੀਤੇ ਗਿਆ ਹੈ। ਇਹ ਬੱਚਿਆਂ ਅਤੇ ਵੱਡਿਆਂ ਲਈ ਬਣਾਏ ਜਾਣ ਵਾਲੇ ਭੋਜਨ ਪਦਾਰਥਾਂ ਨੂੰ ਸੁਆਦਲਾ ਬਣਾਉਣ ਵਿਚ ਸਹਾਈ ਸਿੱਧ ਹੁੰਦੇ ਹਨ। ਸੋਇਆਬੀਨ ਵਿਚ ਤੇਲ ਦੀ ਮਾਤਰਾ 20 ਪ੍ਰਤੀਸ਼ਤ ਅਤੇ ਸੂਰਜਮੁਖੀ ਅਤੇ ਗੋਭੀ ਸਰ੍ਹੋਂ ਵਿਚ ਤੇਲ ਦੀ ਮਾਤਰਾ 40 ਪ੍ਰਤੀਸ਼ਤ ਤੱਕ



ਪਾਈ ਜਾਂਦੀ ਹੈ। ਤੇਲਬੀਜਾਂ ਵਿਚ ਤੇਲ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਇਨ੍ਹਾਂ ਨੂੰ ਊਰਜਾ ਦਾ ਭੰਡਾਰ ਕਿਹਾ ਜਾਂਦਾ ਹੈ। ਤੇਲਬੀਜਾਂ ਵਿਚ ਕੇਸ਼ਾ ਵਿਟਾਮਿਨ (ਵਿਟਾਈਨ ਈ, ਨਾਈਸੀਨ ਫੌਲਿਕ ਐਸਿਡ) ਖਣਿਜ ਤੱਤ (ਲੋਹਾ, ਫਾਸਫੋਰਸ ਅਤੇ ਮੈਗਨੀਸ਼ੀਅਮ) ਮੋਨੋ ਅਤੇ ਪੌਲੀਅਨ ਸੈਚੂਰੇਟਡ ਫੈਟੀ ਐਸਿਡ ਭਰਪੂਰ ਮਾਤਰਾ ਵਿਚ ਪਾਏ ਜਾਂਦੇ ਹਨ। ਤੇਲਬੀਜਾਂ ਨੂੰ ਪ੍ਰੋਟੀਨ ਅਤੇ ਊਰਜਾ ਦਾ ਭਰਪੂਰ ਸਰੋਤ ਮੰਨਿਆ ਜਾਂਦਾ ਹੈ। ਮੋਨੋਅਨ ਸੈਚੂਰੇਟਡ ਫੈਟੀ ਐਸਿਡ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਦਿਲ ਦੇ ਮਰੀਜ਼ਾਂ ਲਈ ਇਨ੍ਹਾਂ ਨੂੰ ਲਾਹੇਵੰਦ ਮੰਨਿਆ ਗਿਆ ਹੈ। ਤੇਲਬੀਜਾਂ ਵਿਚ ਓਮੇਗਾ-3 ਫੈਟੀ ਐਸਿਡ ਦੀ ਮਾਤਰਾ ਵੀ ਵਧੇਰੇ ਪਾਈ ਜਾਂਦੀ ਹੈ। ਜੇਕਰ ਤੇਲ ਬੀਜਾਂ ਨੂੰ ਆਪਣੀ ਰੋਜ਼ਾਨਾ ਖੁਰਾਕ ਦਾ ਹਿੱਸਾ ਬਣਾਇਆ ਜਾਵੇ ਤਾਂ ਅਸੀਂ ਕੋਲੈਸਟਰੋਲ, ਬਲੱਡ ਪ੍ਰੈਸ਼ਰ, ਪਾਚਣ ਕਿਰਿਆ ਸੰਬੰਧੀ, ਦਿਲ ਸੰਬੰਧੀ, ਸ਼ੱਕਰ ਰੋਗ, ਮੋਟਾਪਾ, ਜੋੜਾਂ ਦੇ ਦਰਦ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਨੂੰ ਘਟਾ ਸਕਦੇ ਹਾਂ। ਤੇਲਬੀਜਾਂ ਨੂੰ ਬਹੁਤ ਹੀ ਅਸਾਨੀ ਨਾਲ ਆਪਣੀ ਖੁਰਾਕ ਦਾ ਅਹਿਮ ਹਿੱਸਾ ਬਣਾਇਆ ਜਾ ਸਕਦਾ ਹੈ।

**ਅਲਸੀ** : ਅਲਸੀ ਵਿੱਚ ਰੇਸ਼ੇ ਅਤੇ ਤੇਲ ਦੀ ਵਧੇਰੇ ਮਾਤਰਾ ਹੋਣ ਕਰਕੇ ਇਸਨੂੰ ਦੁਨੀਆਂ ਭਰ ਵਿਚ ਖਾਇਆ ਜਾਂਦਾ ਹੈ। ਅਲਸੀ ਵਿਚ 40 ਪ੍ਰਤੀਸ਼ਤ ਤੇਲ, 30 ਪ੍ਰਤੀਸ਼ਤ ਰੇਸ਼ਾ, 4 ਪ੍ਰਤੀਸ਼ਤ ਖਣਿਜ ਤੱਤ ਅਤੇ 6 ਪ੍ਰਤੀਸ਼ਤ ਨਮੀਂ ਪਾਈ ਜਾਂਦੀ ਹੈ। ਅਲਸੀ ਵਿੱਚ 9 ਪ੍ਰਤੀਸ਼ਤ ਸੈਚੂਰੇਟਡ ਫੈਟ, 18 ਪ੍ਰਤੀਸ਼ਤ ਮੋਨੋ ਅਨਸੈਚੂਰੇਟਡ ਫੈਟ ਅਤੇ 73 ਪ੍ਰਤੀਸ਼ਤ ਪੌਲੀਅਨ ਸੈਚੂਰੇਟਡ ਫੈਟੀ ਐਸਿਡ ਪਾਏ ਜਾਂਦੇ ਹਨ। ਇਸ ਤੋਂ ਇਲਾਵਾ ਅਲਸੀ ਵਿਚ ਲਿਗਨਿਸ ਐਂਟੀਆਕਸੀਡੈਂਟ, ਪ੍ਰੋਟੀਨ, ਰੇਸ਼ਾ ਅਤੇ ਓਮੇਗਾ-3 ਫੈਟੀ ਐਸਿਡ ਵੀ ਬਹੁਤਾਤ ਵਿਚ ਪਾਏ ਜਾਂਦੇ ਹਨ।

**ਤੇਲ ਬੀਜਾਂ ਨੂੰ ਖੁਰਾਕ ਦਾ ਅਹਿਮ ਹਿੱਸਾ ਬਣਾਉਣ ਦੇ ਤਰੀਕੇ**

★ ਜੇਕਰ ਅਸੀਂ ਤੇਲਬੀਜਾਂ ਨੂੰ ਆਪਣੀ ਖੁਰਾਕ ਦਾ ਅਹਿਮ ਹਿੱਸਾ ਬਣਾ ਕੇ ਇਹਨਾਂ ਦੀ ਪੌਸ਼ਟਿਕਤਾ ਦਾ ਭਰਪੂਰ ਲਾਭ ਉਠਾਉਣਾ ਚਾਹੁੰਦੇ ਹਾਂ ਤਾਂ 30 ਗ੍ਰਾਮ ਵੱਖ-ਵੱਖ ਤਰ੍ਹਾਂ ਦੇ ਤੇਲਬੀਜਾਂ ਦੀ ਸਿਫਾਰਿਸ਼ ਕੀਤੀ ਗਈ ਹੈ।

★ ਤੇਲਬੀਜ ਭਾਰ ਕੰਟਰੋਲ ਵਿੱਚ ਰੱਖਣ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਘਟਾਉਣ ਵਿਚ ਸਹਾਈ ਸਿੱਧ ਹੁੰਦੇ ਹਨ। ਇਹਨਾਂ ਦਾ ਜ਼ਿਆਦਾ ਮਾਤਰਾ ਵਿਚ ਸੇਵਨ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਊਰਜਾ ਅਤੇ ਵਸਾ ਦਾ ਵੀ ਭਰਪੂਰ ਸਰੋਤ ਹਨ।



★ ਤੇਲਬੀਜਾਂ ਨੂੰ ਹਲਕਾ ਭੁੰਨ ਕੇ ਅਤੇ ਸੁੱਕੇ ਮੇਵਿਆਂ ਨਾਲ ਰਲਾ ਕੇ ਬਿਸਕੁਟ ਅਤੇ ਕੇਕ ਦੀ ਜਗ੍ਹਾ ਤੇ ਵਰਤਿਆ ਜਾ ਸਕਦਾ ਹੈ।

★ ਬੇਕਰੀ ਪਦਾਰਥਾਂ ਨੂੰ ਵਧੇਰੇ ਪੌਸ਼ਟਿਕ ਬਣਾਉਣ ਲਈ ਤੇਲਬੀਜ 10 ਤੋਂ 30 ਪ੍ਰਤੀਸ਼ਤ ਤੱਕ ਵਰਤੇ ਜਾ ਸਕਦੇ ਹਨ।

★ ਫਲ ਅਤੇ ਸਬਜ਼ੀਆਂ ਦੇ ਸਲਾਦ ਵਿਚ ਅਤੇ ਫਲਾਂ ਦੇ ਰਸ ਵਿਚ ਵੀ ਇਹਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

★ ਲੱਡੂ, ਪੰਜੀਰੀ, ਮੱਠੀ, ਹਲਵੇ ਦੀ ਪੌਸ਼ਟਿਕਤਾ ਵਧਾਉਣ ਲਈ ਵੀ ਤੇਲਬੀਜਾਂ ਦੀ ਵਰਤੋਂ 10 ਤੋਂ 30 ਪ੍ਰਤੀਸ਼ਤ ਤੱਕ ਕੀਤੀ ਜਾ ਸਕਦੀ ਹੈ।

**ਅਲਸੀ ਦੀ ਪਿੰਨੀ**

ਅਲਸੀ (ਪ੍ਰਤੀ ਸੇਵਾ) ਨਾਲ ਪੂਰਕ ਪਿੰਨੀ ਦਾ ਪੌਸ਼ਟਿਕ ਮੁੱਲ

**ਸਮੱਗਰੀ :**

| | | |
|---|---|---|
| ਅਲਸੀ | : | 500 ਗ੍ਰਾਮ |
| ਭੁੱਜੇ ਹੋਏ ਛੋਲੇ | : | 500 ਗ੍ਰਾਮ |
| ਦੇਸੀ ਘਿਉ | : | 400 ਗ੍ਰਾਮ |
| ਸ਼ੱਕਰ | : | 500 ਗ੍ਰਾਮ |

| ਪੌਸ਼ਟਿਕ ਤੱਤ | ਮਾਤਰਾ |
|---|---|
| ਊਰਜਾ (Kcal) | 215 |
| ਪ੍ਰੋਟੀਨ (%) | 9 |
| ਫੈਟ (%) | 10 |

**ਤਰੀਕਾ :**

1. ਅਲਸੀ ਨੂੰ ਭੁੰਨ ਕੇ ਪਾਊਡਰ ਤਿਆਰ ਕਰ ਲਉ।
2. ਭੁੱਜੇ ਹੋਏ ਛੋਲਿਆਂ ਨੂੰ ਵੀ ਪੀਸ ਕੇ ਪਾਊਡਰ ਬਣਾ ਲਉ।
3. ਘਿਉ ਗਰਮ ਕਰਨ ਉਪਰੰਤ ਛੋਲਿਆਂ ਦਾ ਆਟਾ, ਅਲਸੀ ਪਾਊਡਰ ਰਲਾ ਕੇ ਚੰਗੀ ਤਰ੍ਹਾਂ ਭੁੰਨ ਲਉ।
4. ਸ਼ੱਕਰ ਰਲਾ ਦਿਉ ਅਤੇ ਗੈਸ ਬੰਦ ਕਰ ਦਿਉ।
5. ਥੋੜ੍ਹਾ ਠੰਡਾ ਹੋਣ ਤੇ ਪਿੰਨੀਆਂ ਵੱਟ ਲਵੋ।

ਮੋ. 8146I-22277

# ਹਾਰਾ : ਪੁਰਾਤਨ ਰਸੋਈ ਦਾ ਇੱਕ ਅੰਗ

ਘਰ ਦੇ ਵੱਡੇ ਬਜ਼ੁਰਗ ਅਕਸਰ ਗੱਲਾਂ ਕਰਿਆ ਕਰਦੇ ਸਨ ਕਿ ਹਾਰੇ ਵਿੱਚ ਕੜ੍ਹਿਆ ਦੁੱਧ ਪੀਣ ਦਾ ਤਾਂ ਸਵਾਦ ਹੀ ਵੱਖਰਾ ਹੁੰਦਾ ਸੀ। ਹਾਰਾ ਪੰਜਾਬੀ ਸੱਭਿਆਚਾਰ ਵਿੱਚ ਰਸੋਈ ਦਾ ਇੱਕ ਅਨਿੱਖੜਵਾਂ ਅੰਗ ਮੰਨਿਆ ਜਾਂਦਾ ਰਿਹਾ ਹੈ। ਅੱਜਕੱਲ੍ਹ ਚਾਹੇ ਇਹ ਲਗਭਗ ਅਲੋਪ ਹੋ ਚੁੱਕਾ ਹੈ, ਪਰ ਕੁਝ ਪਾਰਖੂ ਅਤੇ ਸਿਹਤ ਨੂੰ ਨਰੋਆ ਰੱਖਣ ਦੇ ਚਾਹਵਾਨ ਅੱਜ ਵੀ ਆਪਣੇ ਘਰਾਂ ਵਿੱਚ ਇਸ ਨੂੰ ਰੱਖਦੇ, ਬਾਲਦੇ ਅਤੇ ਵਰਤਦੇ ਹਨ। ਆਖਰ ਇਹ ਹਾਰਾ ਹੁੰਦਾ ਕੀ ਹੈ ?

ਹਾਰਾ ਅਸਲ ਵਿੱਚ ਮਿੱਟੀ ਦਾ ਬਣਿਆ ਹੋਇਆ ਭੜੋਲੀ ਵਰਗਾ ਇੱਕ ਭਾਂਡਾ ਹੁੰਦਾ ਹੈ, ਜਿਸ ਵਿੱਚ ਪਾਥੀਆਂ ਪਾ ਕੇ ਇਸ ਨੂੰ ਧੁਖਾਇਆ ਜਾਂਦਾ ਹੈ। ਨਿੰਮੀ ਨਿੰਮੀ ਅੱਗ ’ਤੇ ਇਸ ਉੱਤੇ ਕਾੜ੍ਹਨੀ ਰੱਖ ਕੇ ਦੁੱਧ, ਸਾਗ ਜਾਂ ਦਾਲ ਵਗੈਰਾ ਬਣਾਈ ਜਾਂਦੀ ਹੈ। ਕਹਿੰਦੇ ਹਨ ਕਿ ਇਸ ਵਿੱਚ ਕੜ੍ਹਿਆ ਦੁੱਧ ਅਤੇ ਬਣੀ ਦਾਲ-ਸਬਜ਼ੀ ਬਹੁਤ ਹੀ ਸਵਾਦ ਹੁੰਦੀ ਹੈ। ਦੱਸਣ ਵਾਲੇ ਦੱਸਦੇ ਹਨ ਕਿ ਇਸ ਦੇ ਸਵਾਦ ਹੋਣ ਦਾ ਕਾਰਨ ਇਸ ਦਾ ਮੱਧਮ ਅੱਗ



ਅਤੇ ਮਿੱਟੀ ਦੇ ਭਾਂਡੇ ਵਿੱਚ ਪੱਕਣਾ ਹੈ, ਕਿਉਂਕਿ ਮੱਧਮ ਅੱਗ ਵਿੱਚ ਇਸ ਦੁੱਧ ਦਾਲ-ਸਬਜ਼ੀ ਦੇ ਸਾਰੇ ਗੁਣ ਲਗਭਗ ਉਸੇ ਤਰ੍ਹਾਂ ਮੌਜੂਦ ਰਹਿੰਦੇ ਹਨ। ਜਿਹੜੇ ਸਿਹਤ ਲਈ ਗੁਣਕਾਰੀ ਮੰਨੇ ਜਾਂਦੇ ਹਨ। ਇਹ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਤਾਂ ਜਿਹੜੇ ਪੱਕੇ ਜ਼ਮੀਨ ਵਿੱਚ ਬਣੇ ਹੁੰਦੇ ਹਨ ਅਤੇ ਦੂਜੇ ਤਰ੍ਹਾਂ ਦੇ ਹਾਰੇ ਨੂੰ ਚੱਕਵਾਂ ਹਾਰਾ ਕਿਹਾ ਜਾਂਦਾ ਹੈ। ਚੱਕਵਾਂ ਹਾਰਾ ਬਣਾਉਣ ਦੇ ਲਈ ਇੱਕ ਗੋਲ ਘੜੇ ਜਾਂ ਚਾਟੀ ਦਾ ਟੁੱਟਿਆ ਹੋਇਆ ਮੂੰਹ ਲਿਆ ਜਾਂਦਾ ਹੈ। ਉਸ ਨੂੰ ਪੁੱਠਾ ਕਰਕੇ ਉਸ ਉੱਤੇ ਲਗਭਗ ਡੇਢ ਕੁ ਫੁੱਟ ਦਾ ਆਧਾਰ ਬਣਾ ਕੇ ਉੱਤੇ ਡੇਢ ਦੋ ਫੁੱਟ ਦੀਆਂ ਕੰਧਾਂ ਚੀਕਣੀ ਮਿੱਟੀ ਨਾਲ ਉਸ ਵਿੱਚ ਤੂੜੀ ਰਲਾ ਕੇ ਬਣਾਈਆਂ ਜਾਂਦੀਆਂ ਹਨ ਅਤੇ ਫਿਰ ਚੀਕਣੀ ਮਿੱਟੀ ਦਾ ਹੀ ਇਸ ਉੱਤੇ ਪਰੋਲਾ ਫੇਰ ਕੇ ਦਿੱਖ ਨੂੰ ਸੋਹਣਾ ਕਰ ਦਿੱਤਾ ਜਾਂਦਾ ਹੈ। ਕਈ ਸੁਆਣੀਆਂ ਇਸ ਉੱਤੇ ਫੁੱਲ-ਬੂਟੀਆਂ ਵੀ ਉਕੇਰ ਦਿੰਦੀਆਂ ਹਨ/ਸਨ। ਜੇਕਰ ਧਰਤੀ ਵਿੱਚ ਗੱਡ ਕੇ ਰੱਖਣ ਵਾਲਾ ਹਾਰਾ ਬਣਾਉਣਾ ਹੁੰਦਾ ਤਾਂ ਉਸ ਦੇ ਹੇਠ ਘੜੇ/ਚਾਟੀ ਦਾ ਟੁੱਟਿਆ ਗਲ ਨਹੀਂ ਲਗਾਇਆ ਜਾਂਦਾ ਸੀ। ਉਸਾਰੀ ਉਸ ਦੀ ਚੱਕਵੇਂ ਹਾਰੇ ਦੀ ਤਰ੍ਹਾਂ ਹੀ ਹੁੰਦੀ ਸੀ। ਇਸ ਉਸਾਰੇ ਹੋਏ ਹਾਰੇ ਨੂੰ ਫਿਰ ਕੰਧ ਕੋਲ ਧਰਤੀ ਵਿੱਚ ਗੱਡ ਦਿੱਤਾ ਜਾਂਦਾ ਸੀ। ਅੱਜ ਚਾਹੇ ਹਾਰੇ ਲਗਭਗ ਅਲੋਪ ਹੋ ਗਏ ਹਨ, ਪਰ ਫਿਰ ਵੀ ਸਾਡੇ ਕਈ ਘਰਾਂ ਵਿੱਚ ਇਹ ਅੱਜ ਵੀ ਹਾਜ਼ਰੀ ਲਵਾ ਰਹੇ ਹਨ ਤੇ ਚਾਹਵਾਨਾਂ ਦੇ ਜੀਭ ਦੇ ਸਵਾਦ ਨੂੰ ਵੀ ਪੂਰਾ ਕਰ ਰਹੇ ਹਨ।

- ਸੰਜੀਵ ਝਾਂਜੀ, ਜਗਰਾਉਂ
(ਮੋ. 80049-10000)

# ਬੇਹੱਦ ਮੰਦੀ ਸਥਿਤੀ ਵਿੱਚ ਹਨ ਦੇਸ਼ ਦੇ ਕਿਸਾਨ

ਬਾਕੀ ਸਫਾ 3 ਦੀ

ਦੀ ਬਜਾਏ ਆਦਰਸ਼ ਬਣਨਾ ਚਾਹੀਦਾ ਹੈ। ਮੀਡੀਆ ਰਿਪੋਰਟਾਂ (ਡੇਕਨ ਹੇਰਾਲਡ 19 ਨਵੰਬਰ 2024) ਅਨੁਸਾਰ 2013 ਤੋਂ 2024 ਵਿਚਕਾਰ 11 ਸਾਲਾਂ ਦੇ ਅਰਸੇ ਦੌਰਾਨ ਸੂਬੇ ‘ਚ 8245 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ। ਸਰਕਾਰੀ ਅੰਕੜਿਆਂ ਅਨੁਸਾਰ ਕਰਨਾਟਕ ‘ਚ ਅਪ੍ਰੈਲ 2024 ਤੋਂ ਅਗਸਤ 2024 ਦੇ ਵਿਚਕਾਰ ਸਿਰਫ 5 ਮਹੀਨਿਆਂ ਦੌਰਾਨ 1,214 ਕਿਸਾਨਾਂ ਵਲੋਂ ਖੁਦਕੁਸ਼ੀਆਂ ਕੀਤੀਆਂ ਗਈਆਂ ਹਨ।

ਮੇਰਾ ਇਹ ਵੱਡਾ ਸਵਾਲ ਹੈ ਕਿ ਜਦੋਂ ਕਿਸਾਨਾਂ ਦੇ ਮਸਲਿਆਂ ਨਾਲ ਨਜਿੱਠਨ ਦੀ ਗੱਲ ਆਉਂਦੀ ਹੈ ਤਾਂ ਸਰਕਾਰੀ ਤੰਤਰ ਮਾਨਵਤਾ ਤੇ ਵੱਡੇ ਦਿਨ ਦਾ ਪ੍ਰਦਰਸ਼ਨ ਕਿਉਂ ਨਹੀਂ ਕਰਦਾ ? ਸਿਸਟਮ ‘ਚ ਕੇਂਦਰ ਦੇ ਚੋਟੀ ਤੋਂ ਲੈ ਕੇ ਜ਼ਿਲ੍ਹਾ ਪੱਧਰ ਦੇ ਸਭ ਤੋਂ ਹੇਠਲੇ ਮਾਲੀਆ ਅਧਿਕਾਰੀ ਤੱਕ ਕਿਸਾਨਾਂ ਪ੍ਰਤੀ ਹਮਦਰਦ ਤੇ ਦਿਆਲੂ ਕਿਉਂ ਨਹੀਂ ਹੁੰਦੇ ? ਇਕ ਕਿਸਾਨ ਨੂੰ ਆਪਣੀ ਜ਼ਮੀਨ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਦਫਤਰ ‘ਚ ਕਿਉਂ ਰੁਲਣਾ ਪੈਂਦਾ ਹੈ ਤੇ ਇਕ ਕਿਸਾਨ ਨੂੰ ਮਹਿਜ਼ 3.46 ਰੁਪਏ ਦਾ ਬਕਾਇਆ ਬੈਂਕ ਨੂੰ ਮੋੜਨ ਲਈ 15 ਕਿਲੋਮੀਟਰ ਕਿਉਂ ਤੁਰਨਾ ਪੈਂਦਾ ਹੈ ? ਇਕ ਬੇਵੱਸ ਕਿਸਾਨ ਨੂੰ ਬਿਨਾਂ ਕਿਸੇ ਕਸੂਰ ਦੇ ਇਕ ਜ਼ਿਲ੍ਹਾ ਅਧਿਕਾਰੀ ਅੱਗੇ ਹੱਥ ਜੋੜ ਕੇ ਕਿਉਂ ਖੜ੍ਹਨਾ ਪੈਂਦਾ ਹੈ ? ਹੋਰ ਤਾਂ ਹੋਰ ਸਭ ਨੂੰ ਪਤਾ ਹੈ ਕਿ ਇਸ ਸਮੇਂ ਵਿਕਾਸ ਦੇ ਨਾਂ ਤੇ ਸਭ ਦੀਆਂ ਨਜ਼ਰਾਂ ਜ਼ਮੀਨਾਂ ਹੜੱਪਣ ‘ਤੇ ਟਿਕੀਆਂ ਹੋਈਆਂ ਹਨ ਤੇ ਉਹ ਜ਼ਮੀਨ ਮਾਲਕਾਂ ਨੂੰ ਸਹੀ ਮੁਆਵਜ਼ਾ ਦੇਣ ਤੋਂ ਵੀ ਇਨਕਾਰੀ ਹਨ। ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ, ਜਦੋਂ ਕਿਸਾਨਾਂ ਨੂੰ ਪੁਲਿਸ ਦੀ ਕੁੱਟ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਉਹ ਆਪਣੀਆਂ



ਮਹਿੰਗੇ ਭਾਅ ਦੀਆਂ ਜ਼ਮੀਨਾਂ ਨੂੰ ਘੱਟ ਕੀਮਤ ‘ਤੇ ਐਕਵਾਇਰ ਕੀਤੇ ਜਾਣ ਦਾ ਵਿਰੋਧ ਕਰਦੇ ਹਨ। ਆਦਿਵਾਸੀਆਂ ਨੂੰ ਉਨ੍ਹਾਂ ਦੇ ਜੰਗਲਾਂ ਤੋਂ ਖਦੇੜਿਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਦੀਆਂ ਜ਼ਮੀਨਾਂ ਦੀ ਕਾਰਪੋਰੇਟਾਂ ਨੂੰ ਲੋੜ ਹੁੰਦੀ ਹੈ, ਦਰਖਤਾਂ ਨੂੰ ਬੜੀ ਬੇਰਹਿਮੀ ਨਾਲ ਵੱਢਿਆ ਜਾ ਰਿਹਾ ਹੈ।

ਇਸੇ ਤਰ੍ਹਾਂ ਮੈਂ ਵੇਖਿਆ ਹੈ ਕਿ ਔਸਤ ਖਪਤਕਾਰ ਵੀ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਵੱਧ ਕੀਮਤ ਦੇਣ ਲਈ ਤਿਆਰ ਨਹੀਂ ਹਨ। ਕਿਸਾਨਾਂ ਲਈ ਪੱਕੇ ਤੇ ਲਾਹੇਵੰਦ ਭਾਅ ਦੀ ਗੱਲ ਕੀਤੀ ਜਾਂਦੀ ਹੈ ਤਾਂ ਸੋਸ਼ਲ ਮੀਡੀਆ ‘ਤੇ ਕਿਸਾਨਾਂ ਖਿਲਾਫ ਟ੍ਰੋਲਿੰਗ ਸ਼ੁਰੂ ਹੋ ਜਾਂਦੀ ਹੈ। ਇਹ ਸਭ ਬਦਲਣਾ ਚਾਹੀਦਾ ਹੈ। ਆਖਰਕਾਰ ਆਜ਼ਾਦੀ ਦੇ 76 ਸਾਲਾਂ ਬਾਅਦ ਜਦੋਂ ਖੇਤੀ ਆਮਦਨ ਦੇ ਮਾਮਲੇ ‘ਚ ਸਮਾਜ ‘ਚ ਸਭ ਤੋਂ ਹੇਠਲੇ ਪੱਧਰ ‘ਤੇ ਹਨ। ਪੂਰੀ ਕੋਸ਼ਿਸ਼ ਦੇ ਬਾਵਜੂਦ ਕੇਵਲ 10,218 ਦੀ ਔਸਤ ਮਹੀਨਾਵਾਰ ਆਮਦਨ ਨਾਲ ਉਨ੍ਹਾਂ ਨੂੰ ਘੱਟ ਕਰਕੇ ਵਿਖਾਉਣ ਉਨ੍ਹਾਂ ਨਾਲ ਅਣਮਨੁੱਖੀ ਵਰਤਾਉ ਕਰਨ ਵਾਂਗ ਹੈ, ਜਿਵੇਂ ਉਹ ਕਿਸੇ ਛੋਟੇ ਦੇਵਤੇ ਦੀ ਸੰਤਾਨ ਹੋਣ। ਆਓ ਕਿਸਾਨਾਂ ਪ੍ਰਤੀ ਸੰਜੀਦਾ ਹੋਈਏ, ਉਨ੍ਹਾਂ ਦਾ ਖੇਤੀ ਪ੍ਰਤੀ ਮਾਣ ਬਹਾਲ ਕਰਨ ‘ਚ ਮਦਦ ਕਰੀਏ।

# ਪਤਝੜੀ ਬੂਟੇ ਲਗਾਉਣ ਦੀ ਕਰੋ ਤਿਆਰੀ





ਡਾ. ਰਣਜੀਤ ਸਿੰਘ

ਜਨਵਰੀ ਦਾ ਮਹੀਨਾ ਨਵੇਂ ਪਤਝੜੀ ਬੂਟੇ ਲਗਾਉਣ ਲਈ ਢੁੱਕਵਾਂ ਹੈ ਕਿਉਂਕਿ ਨਵਾਂ ਫੁਟਾਰਾ ਹੋਣ ਤੋਂ ਪਹਿਲਾਂ ਇਨ੍ਹਾਂ ਦਾ ਲਗਾਉਣਾ ਜ਼ਰੂਰੀ ਹੈ। ਅਨਾਰ ਦੇ ਬੂਟੇ ਤਾਂ ਦਸੰਬਰ ਵਿਚ ਹੀ ਲਗਾਏ ਜਾਂਦੇ ਹਨ।

ਅਨਾਰ ਭਾਰਤ ਦਾ ਪ੍ਰਾਚੀਨ ਫਲ ਹੈ। ਇਸ ਦੇ ਫੁੱਲਾਂ ਦੀ ਔਰਤਾਂ ਦੀ ਖੂਬਸੂਰਤੀ ਨਾਲ ਤੁਲਨਾ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਕਈ ਰੋਗਾਂ ਨੂੰ ਰੋਕਣ ਲਈ ਵੀ ਕੀਤੀ ਜਾਂਦੀ ਹੈ। ਪੰਜਾਬ ਵਿਚ ਕਾਸ਼ਤ ਲਈ ਭਗਵਾ, ਗਨੇਸ਼ ਅਤੇ ਕੰਧਾਰੀ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਸਾਲ ਲਗਾਏ ਨਵੇਂ ਬੂਟਿਆਂ ਦੀ ਸਾਂਭ ਸੰਭਾਲ ਵੀ ਜਰੂਰੀ ਹੈ, ਇਨ੍ਹਾਂ ਨੂੰ ਠੰਡ ਤੋਂ ਬਚਾਉਣਾ ਚਾਹੀਦਾ ਹੈ। ਇਨ੍ਹਾਂ ਬੂਟਿਆਂ ਉੱਤੇ ਛੌਰਾ ਕਰਕੇ ਕੋਰੇ ਤੋਂ ਬਚਾਇਆ ਜਾ ਸਕਦਾ ਹੈ। ਪੁਰਾਣੇ ਬੂਟਿਆਂ ਨੂੰ ਦੇਸੀ ਰੂੜੀ ਵੀ ਹੁਣ ਪਾਉਣ ਦਾ ਸਮਾਂ ਹੈ। ਇਕ ਸਾਲ ਦੇ ਬੂਟੇ ਨੂੰ ਕੋਈ ਪੰਜ ਕਿਲੋ ਰੂੜੀ ਪਾਈ ਜਾਵੇ। ਪਤਝੜੀ ਬੂਟਿਆਂ ਦੀ ਕਾਂਟ ਛਾਂਟ ਦਾ ਵੀ ਇਹ ਢੁੱਕਵਾਂ ਸਮਾਂ ਹੈ। ਅਗਲੇ ਮਹੀਨੇ ਨਵੇਂ ਪਤਝੱੜੀ ਬੂਟੇ ਲਗਾਏ ਜਾਣ। ਇਨ੍ਹਾਂ ਬਾਰੇ ਹੁਣ ਫੈਸਲਾ ਕਰ ਲੈਣਾ ਚਾਹੀਦਾ ਹੈ। ਬੂਟੇ ਲਗਾਉਣ ਲਈ ਟੋਏ ਪੁੱਟੇ ਜਾਣ। ਇਕ ਮੀਟਰ ਡੂੰਘਾ ਤੇ ਇਕ ਮੀਟਰ ਘੇਰੇ ਵਾਲਾ ਟੋਇਆ ਪੁੱਟਿਆ ਜਾਵੇ। ਇਸ ਨੂੰ ਅੱਧੀ ਉੱਪਰਲੀ ਮਿੱਟੀ ਅਤੇ ਅੱਧੀ ਰੂੜੀ ਰਲਾ ਕੇ ਭਰ ਦਿੱਤਾ ਜਾਵੇ। ਬੂਟੇ ਪੀ ਏ ਯੂ ਜਾਂ ਸਰਕਾਰੀ ਜਾਂ ਕਿਸੇ ਭਰੋਸੇਯੋਗ ਨਰਸਰੀ ਤੋਂ ਖਰੀਦੇ ਜਾਣ। ਜੇਕਰ ਬਾਗ ਵਿਚ ਕੋਈ ਫਸਲ ਨਹੀਂ ਬੀਜੀ ਤਾਂ ਇਸ ਵਿਚ ਹਲ ਚਲਾ ਦੇਣਾ ਚਾਹੀਦਾ ਹੈ। ਵਹਾਈ ਕਰਨ ਨਾਲ ਨਦੀਨਾਂ ਦੀ ਰੋਕਥਾਮ ਹੁੰਦੀ ਹੈ ਤੇ ਹਾਨੀਕਾਰਕ ਕੀੜੇ ਵੀ ਨਸ਼ਟ ਹੋ ਜਾਂਦੇ ਹਨ। ਇਸ ਮਹੀਨੇ ਕਿੰਨੂ ਤਿਆਰ ਹੋ ਜਾਂਦਾ ਹੈ। ਹੁਣ ਠੰਡ ਹੋਣ ਲੱਗ ਪਈ ਹੈ। ਡੰਗਰਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਧੁੱਪ ਵਿਚ ਬੰਨੋ। ਰਾਤ ਨੂੰ ਝੁਲ ਪਾਵੋ ਤੇ ਅੰਦਰ ਬੰਨ੍ਹੋ। ਉਨ੍ਹਾਂ ਹੇਠਾਂ ਸੁਕ ਪਾਵੋ। ਨਵੇਂ ਜੰਮੇ ਕੱਟੜੂ ਵੱਛੜੂ ਠੰਡ ਵਿਚ ਜਲਦੀ ਨਮੂਨੀਏ ਦਾ ਸ਼ਿਕਾਰ ਹੋ ਜਾਂਦੇ ਹਨ। ਡੰਗਰਾਂ ਨੂੰ ਮਲ੍ਹਪ ਰਹਿਤ ਵੀ ਕਰ ਦੇਣਾ ਚਾਹੀਦਾ ਹੈ। ਸਰਦੀ ਵਿਚ ਖੁਸ਼ਕੀ ਵੱਧ ਜਾਂਦੀ ਹੈ। ਫੱਟੇ ਹੋਏ ਜਾਂ ਜਖਮੀ ਥਣਾਂ ਨੂੰ ਗਲਿਸਰੀਨ ਅਤੇ ਆਇਓਡੀਨ (1 : 4) ਦੇ ਘੋਲ ਵਿਚ ਡੋਬਾ ਦੇ ਕੇ ਠੀਕ ਕੀਤਾ ਜਾ ਸਕਦਾ ਹੈ। ਨਿਰੋਲ ਹਰਾ ਚਾਰਾ ਵੀ ਨਾ ਪਾਇਆ ਜਾਵੇ ਸਗੋਂ ਇਸ ਵਿਚ ਤੂੜੀ ਵਿਚ ਰਲਾ ਕੇ ਪਾਉਣਾ ਚਾਹੀਦਾ ਹੈ। ਮੁਰਗੀਆਂ ਦੇ ਸ਼ੈਡਾਂ ਨੂੰ ਪੱਲੀਆਂ ਨਾਲ ਢੱਕ ਦੇਣਾ ਚਾਹੀਦਾ ਹੈ। ਚੂਚਿਆਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

ਹੁਣ ਗੰਨੇ ਦੀ ਕਟਾਈ ਪੂਰੇ ਜੋਰਾਂ ਨਾਲ ਚਲ ਰਹੀ ਹੈ। ਅਗੇਤੀਆਂ ਕਿਸਮਾਂ ਦੀ ਕਟਾਈ ਇਸ ਮਹੀਨੇ ਪੂਰੀ ਕਰ ਲੈਣੀ ਚਾਹੀਦੀ ਹੈ। ਜੇਕਰ ਮੋਢੀ ਫਸਲ ਰੱਖਣੀ ਹੈ ਤਾਂ ਕਟਾਈ ਅਗਲੇ ਮਹੀਨੇ ਕੀਤੀ ਜਾਵੇ। ਮੋਢੀ ਫਸਲ ਰੱਖਣ ਲਈ ਗੰਨੇ ਦੀ ਕਟਾਈ ਪਿਛੋਂ ਖੇਤ ਵਿਚੋਂ ਖੋਰੀ ਕੱਢ ਕੇ ਪਾਣੀ ਲਗਾ ਦੇਵੋ। ਵੱਤਰ ਆਉਣ ਉੱਤੇ ਇਕ ਗੋਡੀ ਕਰੋ। ਫਸਲ ਦੀ ਕਟਾਈ ਧਰਤੀ ਦੇ ਬਿਲਕੁਲ ਨਾਲ ਕਰੋ। ਜੇਕਰ ਗੋਡੀ ਨਾ ਹੋ ਸਕੇ ਤਾਂ ਟਿਲਰ ਨਾਲ ਵਹਾਈ ਕਰ ਦੇਵੋ।

ਜੇਕਰ ਖੰਡ ਮਿਲ ਉੱਤੇ ਗੰਨਾ ਵੇਚਣ ਵਿਚ ਦਿੱਕਤ ਹੋ ਰਹੀ ਹੈ ਤਾਂ ਗੁੜ ਤੇ ਸ਼ਕਰ ਬਣਾਏ ਜਾ ਸਕਦੇ ਹਨ। ਗੁੜ ਵਿਚ ਕੈਲਸ਼ੀਅਮ, ਲੋਹਾ, ਫਾਸਫੋਰਸ ਆਦਿ ਹੁੰਦੇਹਨ। ਵਧੀਆ ਵੇਲਣਾ ਲਗਾਵੋ ਤਾਂ ਜੋ ਪੂਰਾ ਰਸ ਕੱਢਿਆ ਜਾ ਸਕੇ। ਕੜ੍ਹਦੀ ਰਸ ਦੀ ਸਫਾਈ ਸੋਡੇ ਦੀ ਥਾਂ ਸੁਖਲਾਈ ਨਾਮਕ ਬੂਟੀ ਵਰਤੀ ਜਾ ਸਕਦੀ ਹੈ। ਇਹ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਪਹਾੜੀਆਂ ਵਿਚੋਂ ਪ੍ਰਾਪਤ ਹੋ ਜਾਂਦੀ ਹੈ। ਸੁਖਲਾਈ ਦੇ ਛਿਲਕੇ ਨੂੰ 24 ਘੰਟੇ ਭਿਉਂ ਕੇ ਰੱਖੋ। ਇਸ ਨੂੰ ਮਲ ਕੇ ਗਾੜ੍ਹਾ ਘੋਲ ਬਣਾ ਲਵੋ। ਇਕ ਲਿਟਰ ਘੋਲ ਨਾਲ 100 ਲਿਟਰ ਰਸ ਨੂੰ ਸਾਫ ਕੀਤਾ ਜਾ ਸਕਦਾ ਹੈ। ਗੁੜ ਵਿਚ ਖੁਸ਼ਕ ਮੇਵੇ ਪਾਕੇ ਇਸ ਨੂੰ ਮਠਿਆਈ ਦੇ ਰੂਪ ਵਿਚ ਵੀ ਵੇਚਿਆ ਜਾ ਸਕਦਾ ਹੈ।

ਜੇਕਰ ਬਾਗ ਲਗਾਉਣਾ ਹੈ ਤਾਂ ਪਹਿਲਾਂ ਆਪਣੇ ਖੇਤ ਦੀ ਮਿੱਟੀ ਦੀ ਪਰਖ ਕਰਵਾਉ ਅਤੇ ਇਲਾਕੇ ਨੂੰ ਢੁੱਕਵੇਂ ਫਲਾਂ ਦੀ ਚੋਣ ਕਰੋ। ਬੂਟੇ ਹਮੇਸ਼ਾਂ ਸਿਫਾਰਸ਼ ਕੀਤੀ ਕਿਸਮ, ਸਹੀ ਉਮਰ ਅਤੇ ਸਿਹਤਮੰਦ ਹੋਣੇ ਚਾਹੀਦੇ ਹਨ। ਪੰਜਾਬ ਵਿਚ ਨਾਸ਼ਪਾਤੀ, ਆੜੂ, ਅੰਗੂਰ, ਅਲੂਚਾ ਪਤਝੜੀ ਫਲਾਂ ਨੂੰ ਲਗਾਇਆ ਜਾ ਸਕਦਾ ਹੈ। ਪਥਰ ਨਾਖ ਤੇ ਪੰਜਾਬ ਨਾਖ ਸਖਤ ਨਾਖਾਂ ਦੀਆਂ ਕਿਸਮਾਂ ਹਨ। ਜਦੋਂ ਕਿ ਪੰਜਾਬ ਗੋਲਡ, ਪੰਜਾਬ ਨੈਕਟਰ, ਪੰਜਾਬ ਬਿਊਟੀ, ਬਗੂਗੋਸ਼ਾ, ਪੰਜਾਬ ਸੌਫਟ ਨਰਮ ਨਾਖਾਂ ਦੀਆਂ ਕਿਸਮਾਂ ਹਨ। ਪ੍ਰਤਾਪ, ਫਲੋਰੇਡਾ ਪ੍ਰਿੰਸ, ਸ਼ਾਨੇ ਪੰਜਾਬ, ਪ੍ਰਭਾਤ, ਸ਼ਰਬਤੀ ਅਤੇ ਅਰਲੀ ਗਰੈਂਚ ਆੜੂ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਅੰਗੂਰ ਸਾਰੇ ਪੰਜਾਬ ਵਿਚ ਹੀ ਹੋ ਸਕਦੇ ਹਨ। ਇਨ੍ਹਾਂ ਦੇ ਬੂਟੇ ਹੁਣ ਲਗਾ ਲੈਣੇ ਚਾਹੀਦੇ ਹਨ। ਸੁਪੀਰੀਅਰ ਸੀਡਲੈਸ, ਪੰਜਾਬ ਪਰਪਲ, ਫਲੇਮ ਸੀਡਲੈਸ, ਬਿਊਟੀ ਸੀਡਲੈਸ ਤੇ ਪਰਲਿਟ ਕਿਸਮਾਂ ਦੇ ਬੂਟੇ ਲਗਾਉਣੇ ਚਾਹੀਦੇ ਹਨ। ਅੰਜੀਰ ਅਤੇ ਅਲੂਚਾ ਦੇ ਫਲ ਵੀ ਪੰਜਾਬ ਵਿਚ ਹੋ ਸਕਦੇ ਹਨ। ਅੰਜੀਰ ਦੀ ਬਰਾਊਨ ਟਰਕੀ ਤੇ ਬਲੈਕ-ਫਿੱਗ-1 ਕਿਸਮ ਅਤੇ ਅਲੂਚੇ ਦੀਆਂ ਸਤਲੁਜ ਪਰਪਲ ਤੇ ਕਾਲਾ ਅੰਮ੍ਰਿਤਸਰੀ ਕਿਸਮਾਂ ਲਗਾਉਣੀਆਂ ਚਾਹੀਦੀਆਂ ਹਨ। ਜੇਕਰ ਵੱਡੀ ਪੱਧਰ ਉੱਤੇ ਨਹੀਂ ਤਾਂ ਘਰ ਬਗੀਚੀ ਵਿਚ ਦੋ ਤਿੰਨ ਪਤਝੜੀ ਬੂਟੇ ਜਰੂਰ ਲਗਾਵੋ। ਸਬਜ਼ੀਆਂ ਦੀ ਬੀਜੀ ਪਨੀਰੀ ਨੂੰ ਹੁਣ ਠੰਡ ਤੋਂ ਬਚਾਉਣ ਲਈ ਪਰਾਲੀ ਜਾਂ ਸਿਰਕੰਡੇ ਦੀਆਂ ਛਤਰੀਆਂ ਨਾਲ ਢੱਕ ਦੇਣਾ ਚਾਹੀਦਾ ਹੈ।

**ਪੰਜਾਬ ਵਿਚ ਕਿਨੂੰ ਹੇਠ ਹੀ ਸਭ ਤੋਂ ਵੱਧ ਰਕਬਾ ਹੈ। ਆਕਾਰ ਅਨੁਸਾਰ ਇਨ੍ਹਾਂ ਨੂੰ ਡੱਬਿਆਂ ਵਿਚ ਬੰਦ ਕੀਤਾ ਜਾਵੇ। ਕਿੰਨੂ ਤੋੜਨ ਸਮੇਂ ਵੀ ਧਿਆਨ ਰੱਖਣਾ ਚਾਹੀਦਾ ਹੈ। ਇਸ ਨੂੰ ਕਟਰ ਨਾਲ ਕੱਟਿਆ ਜਾਵੇ।**



**ਇਸ ਵਾਰ ਦੋ ਜਾਂ ਤਿੰਨ ਫਲਦਾਰ ਬੂਟੇ ਜਰੂਰ ਲਗਾਵੋ, ਘਰ ਦੇ ਤਾਜੇ ਫਲ ਖਾਵੋ ਅਤੇ ਆਪਣੀ ਸਿਹਤ ਬਣਾਵੋ। ਪੰਜਾਬੀ ਵੀ ਕੁਪੋਸ਼ਣ ਦੇ ਸ਼ਿਕਾਰ ਹੋ ਰਹੇ ਹਨ। ਘਰ ਦੀਆਂ ਸਬਜ਼ੀਆਂ ਅਤੇ ਫਲਾਂ ਨਾਲ ਸੰਤੁਲਿਤ ਭੋਜਨ ਖਾਈਏ, ਰੋਗ ਦੂਰ ਭਜਾਈਏ।**

# ਜ਼ਮੀਨ ਨਾ ਸਹੀ, ਹੁਣ ਘਰ ਦੀਆਂ ਦੀਵਾਰਾਂ 'ਤੇ ਹੀ ਉਗਾ ਲਈ ਜਾਵੇ ਹਰਿਆਲੀ

ਆਬਾਦੀ ਵਧਣ ਕਾਰਨ ਹਰਿਆਲੀ ਦੀ ਥਾਂ ਹੁਣ ਕੰਕਰੀਟ ਦੇ ਜੰਗਲ ਫੈਲਣ ਲੱਗੇ ਹਨ, ਲੋਕਾਂ ਦੇ ਕੋਲ ਹੁਣ ਥਾਂ ਦੀ ਕਮੀ ਹੈ, ਤੇ ਉਨ੍ਹਾਂ ਨੇ ਇਸ ਤੇ ਵੀ ਬਦਲ ਲੱਭ ਲਏ ਹਨ। ਮਹਾਂਨਗਰੀ ਵਾਲੀ ਜੀਵਨਸ਼ੈਲੀ ਵਿਚ ਲੋਕਾਂ ਦੇ ਕੋਲ ਏਨੀ ਥਾਂ ਹੀ ਨਹੀਂ ਹੁੰਦੀ ਹੈ ਕਿ ਉਹ ਨਵੇਂ ਦਰੱਖਤ-ਬੂਟੇ ਲਗਾਉਣ, ਇਸ ਦੇ ਬਦਲ ਦੇ ਤੌਰ 'ਤੇ ਬਗੀਚੇ ਨਾ ਸਹੀ, ਘਰਾਂ ਵਿਚ ਹੀ ਹਰਿਆਲੀ ਦਾ ਪ੍ਰਬੰਧ



ਕਰ ਲਿਆ ਜਾਵੇ। ਇਹੀ ਵਜ੍ਹਾ ਹੈ ਕਿ ਵੱਡੇ ਮਹਾਂਨਗਰਾਂ ਵਿਚ ਹੀ ਨਹੀਂ ਸਗੋਂ ਛੋਟੇ ਸ਼ਹਿਰਾਂ ਵਿਚ ਵੀ ਫਲੈਟ ਸਿਸਟਮ ਵਿਚ ਖਾਲੀ ਥਾਂ ਘੱਟ ਹੋਣ ਕਰਕੇ ਲੋਕ ਇਕ-ਇਕ ਇੰਚ ਥਾਂ ਵੀ ਵਰਤੋਂ ਕਰਨ ਲਈ ਨਵੇਂ-ਨਵੇਂ ਵਿਚਾਰ ਲੈ ਕੇ ਆ ਰਹੇ ਹਨ। ਛੋਟੇ ਫਲੈਟਾਂ ਵਿਚ ਏਨੀ ਵੱਡੀ ਬਾਲਕੋਨੀ ਨਹੀਂ ਹੁੰਦੀ ਕਿ ਉੱਥੇ ਗਮਲੇ ਰੱਖ ਕੇ, ਉਨ੍ਹਾਂ ਵਿਚ ਹਰਿਆਲੀ ਉਗਾਈ ਜਾ ਸਕੇ, ਤਾਂ ਲੋਕਾਂ ਨੇ ਵਰਟੀਕਲ ਪਲਾਂਟਨੇਸ਼ਨ ਕਰ ਕੇ ਘਰ ਸਜਾਵਟ ਵਿਚ ਇਕ ਨਵਾਂ ਸਟਾਈਲ ਹੀ ਜੋੜ ਦਿੱਤਾ ਹੈ, ਜਿਸ ਨਾਲ ਘਰ ਦੀ ਖੂਬਸੂਰਤੀ ਤਾਂ ਵਧਦੀ ਹੀ ਹੈ, ਘਰ ਦੇ ਆਲੇ-ਦੁਆਲੇ ਦੀ ਆਬੋਹਵਾ ਵੀ ਸਾਫ ਹੁੰਦੀ ਹੈ ਅਤੇ ਵਾਤਾਵਰਨ ਸੁਰੱਖਿਆ ਨੂੰ ਵੀ ਹੁਲਾਰਾ ਮਿਲਦਾ ਹੈ।

ਇਹੀ ਵਜ੍ਹਾ ਹੈ ਕਿ ਅੱਜਕੱਲ੍ਹ ਘਰ ਸਜਾਵਟ ਇੰਟੀਰੀਅਰ ਵਿਚ ਇਕ ਨਵਾਂ ਟ੍ਰੈਂਡ ਜ਼ੋਰ ਫੜ ਰਿਹਾ ਹੈ, ਦੀਵਾਰਾਂ ਵਿਚ ਹਰਿਆਲੀ ਉਗਾਉਣ ਦਾ। ਇਸ ਸਟਾਈਲ ਨੂੰ ਮਹਾਂਨਗਰ ਤੇਜ਼ੀ ਨਾਲ ਅਪਣਾ ਰਹੇ ਹਨ, ਜਿਸ ਦੇ ਹੇਠ ਦੀਵਾਰਾਂ ਅਤੇ ਛੱਤਾਂ 'ਤੇ ਪਾਈਪ ਨਾਲ ਜੁੜੇ ਗਮਲਿਆਂ ਵਿਚ ਬੂਟੇ ਲਗਾਏ ਜਾਂਦੇ ਹਨ। ਚੌੜੀ ਵਾਲੀ ਪੀ. ਵੀ. ਸੀ. ਪਾਈਪ ਵਿਚ ਪੱਥਰ ਦੀ ਸਹਾਇਤਾ ਨਾਲ ਕਈ ਵੱਡੇ ਸੁਰਾਖ ਬਣਾ ਕੇ ਉਨ੍ਹਾਂ ਵਿਚ ਬੂਟੇ ਲਗਾਏ ਜਾਂਦੇ ਹਨ। ਇਨ੍ਹਾਂ ਪਾਈਪਾਂ ਜ਼ਰੀਏ ਬੂਟਿਆਂ ਨੂੰ ਪਾਣੀ ਦੀ ਸਪਲਾਈ ਹੁੰਦੀ ਹੈ। ਇਸ ਤਰ੍ਹਾਂ ਵਰਟੀਕਲ ਪਲਾਂਟੇਸ਼ਨ ਵਿਚ ਛੋਟੇ-ਛੋਟੇ ਫਲਾਵਰ ਪਲਾਂਟ, ਸਟੀਲ ਦੇ ਬਣੇ ਗਮਲੇ, ਸਦਾਬਹਾਰ ਬੂਟੇ, ਹੈਗਿੰਗ ਟੈਰੇਸ ਅਤੇ ਸਟੈਂਡਬਾਏ ਵਰਗੇ ਢੰਗਾਂ ਨਾਲ ਬੂਟੇ ਲਗਾਏ ਜਾਂਦੇ ਹਨ। ਇਸ ਕਿਰਿਆ ਵਿਚ ਹੈਗਿੰਗ ਅਤੇ ਵਰਟੀਕਲ ਵਾਲਸ 'ਤੇ ਪਲਾਂਟੇਸ਼ਨ ਕੀਤੀ ਜਾਂਦੀ ਹੈ। ਰੰਗ-ਬਰੰਗੇ ਬੂਟਿਆਂ ਨਾਲ ਘਰ ਵਿਚ ਹਰਿਆਲੀ ਬਣੀ ਰਹਿੰਦੀ ਹੈ, ਜੋ ਅੱਖਾਂ ਨੂੰ ਦਿਸਣ ਵਿਚ ਚੰਗੀ ਲਗਦੀ ਹੈ। ਇਸ ਤਰ੍ਹਾਂ ਦੇ ਵਰਟੀਕਲ ਬਗੀਚੇ ਨੂੰ ਬਾਲਕੋਨੀ, ਘਰ ਦੀਆਂ ਦੀਵਾਰਾਂ ਵਿਚ ਕਿਸੇ ਵੀ ਹਿੱਸੇ ਵਿਚ ਲਗਾਇਆ ਜਾ ਸਕਦਾ ਹੈ। ਦੀਵਾਰ 'ਤੇ ਲਕੜੀ ਦੇ ਫ੍ਰੇਮਿੰਗ ਕਰਵਾ ਕੇ ਫਰਨ ਅਤੇ ਮਾਸ ਦੇ ਬੂਟੇ ਲਗਵਾ ਸਕਦੇ ਹੋ। ਦੀਵਾਰ 'ਤੇ ਸੂਰਜ ਦੀ ਰੋਸ਼ਨੀ ਆਉਣਾ ਜ਼ਰੂਰੀ ਹੈ। ਬਾਲਕੋਨੀ ਵਿਚ ਛੋਟੀਆਂ-ਛੋਟੀਆਂ ਬਾਸਕਿਟਸ ਲਿਆ ਕੇ ਉਨ੍ਹਾਂ ਨੂੰ ਆਪਣੀ ਪਸੰਦ ਦੀ ਦੀਵਾਰ 'ਤੇ ਵੀ ਫਿੱਟ ਕਰਵਾ ਸਕਦੇ ਹੋ। ਵਰਟੀਕਲ ਗਾਰਡਨਿੰਗ ਵਿਚ ਰਸੋਈ ਦੀ ਦੀਵਾਰ ਵਿਚ ਵੀ ਹਰਬਲ ਵਰਟੀਕਲ ਗਾਰਡਨ ਬਣਾਇਆ ਜਾ ਸਕਦਾ ਹੈ ਅਤੇ ਉਥੇ ਤਰ੍ਹਾਂ-ਤਰ੍ਹਾਂ ਦੀਆਂ ਹਰਬਸ ਉਗਾਈਆਂ ਜਾ ਸਕਦੀਆਂ ਹਨ। ਹਰਬਲ ਪਲਾਂਟ ਨੂੰ ਜ਼ਿਆਦਾ ਧੁੱਪ ਅਤੇ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ। ਘਰ ਦੀ ਬਾਲਕੋਨੀ ਵਿਚ ਵਰਟੀਕਲ ਦੀਵਾਰ ਬਣਵਾ ਕੇ ਫੁੱਲਾਂ ਵਾਲੀਆਂ ਵੇਲਾਂ ਲਗਾ ਕੇ ਦੀਵਾਰ ਨੂੰ ਰੰਗ-ਬਰੰਗੇ ਫੁੱਲਾਂ ਨਾਲ ਭਰ ਸਕਦੇ ਹੋ। ਇਸ ਤਰ੍ਹਾਂ ਦੀਆਂ ਵੇਲਾਂ ਲਗਾਓ, ਜੋ ਧੁੱਪ ਅਤੇ ਘੱਟ ਪਾਣੀ ਵਿਚ ਵੀ ਸੌਖਿਆਂ ਹੀ ਚੱਲ ਸਕਦੀਆਂ ਹਨ। ਇਨ੍ਹਾਂ ਨੂੰ ਫੈਲਣ ਲਈ ਛੋਟੀਆਂ-ਛੋਟੀਆਂ ਕਿੱਲਾਂ ਦੀ ਜ਼ਰੂਰਤ ਪੈਂਦੀ ਹੈ ਅਤੇ ਸੌਖਿਆਂ ਹੀ ਫਲਦੀਆਂ-ਫੁੱਲਦੀਆਂ ਹਨ। ਦੀਵਾਰ ਵਿਚ ਫੁਲਵਾੜੀ



ਲਗਾਉਣ ਲਈ ਇਸ ਤਰ੍ਹਾਂ ਦੇ ਬੂਟਿਆਂ ਦੀ ਚੋਣ ਕਰੋ, ਜਿਨ੍ਹਾਂ ਨੂੰ ਪਾਣੀ ਦੀ ਘੱਟ ਜ਼ਰੂਰਤ ਹੁੰਦੀ ਹੈ ਅਤੇ ਜੋ ਤੁਹਾਡੀ ਭੂਗੋਲਿਕ ਸਥਿਤੀ ਦੇ ਅਨੁਸਾਰ ਫਲ-ਫੁੱਲ ਸਕਣ। ਬੂਟੇ ਇਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ, ਜਿਨ੍ਹਾਂ ਨੂੰ ਬਰਾਬਰ ਮਾਤਰਾ ਵਿਚ ਪਾਣੀ ਦੀ ਜ਼ਰੂਰਤ ਹੋਵੇ ਅਤੇ ਉਨ੍ਹਾਂ ਨੂੰ ਇਕ ਹੀ ਥਾਂ ਲਗਾਓ। ਇਸ ਲਈ ਡ੍ਰਿਪ ਵਾਟਰ ਸਪਲਾਈ ਸਿਸਟਮ ਦੀ ਵਰਤੋਂ ਕੀਤਾ ਜਾਂਦੀ ਹੈ, ਜਿਸ ਵਿਚ ਬੂਟਿਆਂ ਨੂੰ ਉਨ੍ਹਾਂ ਦੀ ਜ਼ਰੂਰਤ ਅਨੁਸਾਰ ਹੀ ਪਾਣੀ ਹਾਸਿਲ ਹੁੰਦਾ ਹੈ।

**- ਅਨੂ ਆਰ.**

# ਡੀ.ਏ.ਪੀ ਖਾਦ ਦੀ ਘਾਟ, ਕਾਲਾ ਬਾਜ਼ਾਰੀ ਤੇ ਇਸ ਦਾ ਹੱਲ

ਡਾ. ਤੇਜਿੰਦਰ ਵਿਰਲੀ
ਸੰਪਰਕ 94647-97400



ਜੱਟ ਦੀ ਜ਼ਿੰਦਗੀ ਬਾਰੇ ਇਕ ਕਾਵਿ ਤੁਕ ਮਸ਼ਹੂਰ ਹੈ 'ਜੱਟਾ ਤੇਰੀ ਜੂਨ ਬੁਰੀ ਹਲ ਵਾਹ ਪੱਠਿਆਂ ਨੂੰ ਜਾਣਾ' ਤੇ ਫਿਰ ਕਿਸੇ ਨੇ ਇਸ ਨੂੰ ਹੋਰ ਸਰਲ ਕਰ ਦਿੱਤਾ ਜੱਟਾ ਤੇਰੀ ਜੂਨ ਬੁਰੀ ਹੱਡ ਰਗੜ ਰਗੜ ਮਰ ਜਾਣਾ । ਜੱਟ ਦੀ ਜੂਨ ਕਿੰਨੀ ਕੁ ਬੁਰੀ ਹੈ ? ਇਹ ਤਾਂ ਉਹੀ ਜਾਣ ਸਕਦਾ ਹੈ, ਜਿਹੜਾ ਜੱਟ ਦੀ ਜੂਨ ਹੰਢਾਉਂਦਾ ਹੈ । ਇਹ ਤੁਕ ਜੱਟ (ਕਿਸਾਨ) ਦੀਆਂ ਤੰਗੀਆਂ, ਤੁਰਸ਼ੀਆਂ, ਮਜਬੂਰੀਆਂ ਤੇ ਕੰਮ ਦੇ ਰੁਝੇਂਵੇ ਭਰੇ ਜੀਵਨ ਦੇ ਵੱਖ-ਵੱਖ ਵੇਰਵਿਆਂ ਦਾ ਕਾਵਿ ਰੂਪਾਂਤਰ ਹੈ । ਜੱਟ ਦੇ ਜੀਵਨ ਨੂੰ ਦੂਰੋਂ ਦੇਖਣ ਵਾਲੇ ਬੜੀ ਆਸਾਨੀ ਨਾਲ ਆਖ ਦਿੰਦੇ ਹਨ ਕਿ ਅੱਜ ਦੀ ਟੈਕਨੋਲੋਜੀ ਦੇ ਯੁੱਗ 'ਚ ਜੱਟ ਵਿਹਲਾ ਫਿਰਦਾ, ਮਸ਼ੀਨਰੀ ਨੇ ਇਸ ਨੂੰ ਅਨੰਦ ਮਾਣਨ ਲਈ ਖੁੱਲ੍ਹਾ ਸਮਾਂ ਦੇ ਦਿੱਤਾ ਹੈ, ਪਰ ਇਹ ਧਾਰਨਾ ਹਕੀਕਤਾਂ ਤੋਂ ਕੋਹਾਂ ਦੂਰ ਹੈ ਅੱਜ ਪੰਜਾਬ ਦਾ ਜੱਟ ਇਕ ਪਾਸੇ ਮੰਡੀਆਂ 'ਚ ਆਪਣੇ ਝੋਨੇ ਦੀ ਫਸਲ ਵੇਚਣ ਲਈ ਬੈਠਾ ਹੈ, ਦੂਸਰੇ ਪਾਸੇ ਕਣਕ ਬੀਜਣ ਲਈ ਖੇਤਾਂ 'ਚ ਟੁੱਟ-ਟੁੱਟ ਕੇ ਮਰਨਾ ਪੈ ਰਿਹਾ ਹੈ ਤੇ ਤੀਸਰੇ ਪਾਸੇ ਉਸਨੂੰ ਕਣਕ ਬੀਜਣ ਵਾਸਤੇ ਲੋੜੀਂਦੇ ਖਾਦ ਵੀ ਮੰਡੀ 'ਚੋਂ ਨਹੀਂ ਮਿਲਦੀ । ਇਸ ਤੋਂ ਇਲਾਵਾ ਪਰਾਲੀ ਨੂੰ ਅੱਗ ਲਾ ਕੇ ਪ੍ਰਦੂਸ਼ਣ ਫੈਲਾਉਣ ਦਾ ਸਾਰੇ ਦਾ ਸਾਰਾ ਦੋਸ਼ ਵੀ ਜ਼ਿਮੀਂਦਾਰ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ ।

ਹੁਣ ਜਦੋਂ ਕਿ ਦੇਸ਼ 'ਚ ਸਰਦੀਆਂ ਦੀਆਂ ਫਸਲਾਂ ਕਣਕ, ਸਰ੍ਹੋਂ, ਛੋਲੇ, ਆਲੂ ਆਦਿ ਦੀ ਬਿਜਾਈ ਸ਼ੁਰੂ ਹੋ ਚੁੱਕੀ ਹੈ ਤਾਂ ਇਨ੍ਹਾਂ ਦੀ ਬਿਹਤਰ ਪੈਦਾਵਾਰ ਲਈ ਜ਼ਰੂਰੀ 'ਅਮੋਨੀਆ, ਫਾਸਫੇਟ' (ਡੀ. ਏ. ਪੀ.) ਖਾਦ ਦੀ ਕਮੀ ਦੇ ਕਾਰਨ ਪੰਜਾਬ ਸਮੇਤ ਕਈ ਸੂਬਿਆਂ ਦੇ ਕਿਸਾਨਾਂ 'ਚ ਚਿੰਤਾ ਵਧ ਰਹੀ ਹੈ । ਹਾੜ੍ਹੀ ਦੀਆਂ ਫਸਲਾਂ ਲਈ ਸਭ ਤੋਂ ਵੱਧ ਜ਼ਰੂਰੀ ਪੋਸ਼ਕ ਤੱਤ ਨਾਈਟ੍ਰੋਜਨ ਤੇ ਫਾਸਫੋਰਸ (ਖਾਦ) ਹੁੰਦੇ ਹਨ, ਜਿਨ੍ਹਾਂ ਨੂੰ ਲੈਣ ਲਈ ਕਿਸਾਨਾਂ ਨੂੰ ਲੰਬੀਆਂ-ਲੰਬੀਆਂ ਲਾਈਨਾਂ 'ਚ ਖੜ੍ਹੇ ਹੋਣਾ ਪੈ ਰਿਹਾ ਹੈ । ਇਹ ਮਸਲਾ ਕੇਵਲ ਪੰਜਾਬ ਦਾ ਹੀ ਨਹੀਂ ਹੈ, ਹਾਲ ਹੀ 'ਚ ਹਰਿਆਣਾ 'ਚ ਕਈ ਥਾਵਾਂ 'ਤੇ ਪੁਲਿਸ ਦੀ ਮੌਜੂਦਗੀ ਦੌਰਾਨ ਡੀ.ਏ.ਪੀ. ਖਾਦ ਵੰਡਣ ਦੀਆਂ ਖਬਰਾਂ ਪ੍ਰਕਾਸ਼ਿਤ ਹੋਈਆਂ ਹਨ । ਇਸੇ ਨੂੰ ਲੈ ਕੇ ਦਾਇਰ ਇਕ ਰਿੱਟ ਪਟੀਸ਼ਨ ਦੇ ਆਧਾਰ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਜਵਾਬ ਦਾਖਲ ਕਰਨ ਦਾ ਹੁਕਮ ਵੀ ਦੇ ਦਿੱਤਾ ਹੈ । ਪਟੀਸ਼ਨ ਕਰਤਾ ਅਨੁਸਾਰ ਡੀ.ਏ.ਪੀ. ਦੀ ਲੋੜੀਂਦੀ ਸਪਲਾਈ ਨਾ ਹੋਣ ਕਾਰਨ ਕਣਕ ਦੀ ਪੈਦਾਵਾਰ 'ਚ ਕਾਫੀ ਕਮੀ ਆ ਸਕਦੀ ਹੈ, ਜਿਸ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ । ਜਿਥੇ ਇਕ ਪਾਸੇ ਡੀ. ਏ. ਪੀ. ਖਾਦ ਦੀ ਕਮੀ ਤੋਂ ਕਿਸਾਨ ਪ੍ਰੇਸ਼ਾਨ ਹਨ, ਉੱਥੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਸਮਾਜ ਵਿਰੋਧੀ ਤੱਤਾਂ/ਮਿਲਾਵਟਖੋਰਾਂ ਵਲੋਂ ਨਕਲੀ ਖਾਦ ਤੇ ਬੀਜ ਵੇਚ ਕੇ ਕਿਸਾਨਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ । ਰਾਜਸਥਾਨ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ 'ਚ ਵੱਡੇ ਪੱਧਰ 'ਤੇ ਨਕਲੀ ਖਾਦ ਫੜੇ ਜਾਣ ਦੀਆਂ ਖਬਰਾਂ ਵੀ ਆ ਰਹੀਆਂ ਹਨ । 19 ਸਤੰਬਰ ਨੂੰ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਪੰਜਾਬ ਦੇ ਮੋਗਾ 'ਚ ਵਾਹਨਾਂ 'ਚ ਲੱਦੀ ਹੋਈ ਨਕਲੀ ਡੀ.ਏ.ਪੀ. ਖਾਦ ਜਬਤ ਕੀਤੀ ਸੀ । ਜਦਕਿ 30 ਸਤੰਬਰ ਨੂੰ ਕਾਂਕੇਰ (ਰਾਜਸਥਾਨ) 'ਚ ਪੁਲਿਸ ਨੇ ਨਕਲੀ ਖਾਦ ਦੀ ਸਮੱਗਲਿੰਗ ਕਰਨ ਵਾਲੇ ਇਕ ਕੌਮਾਂਤਰੀ ਗਰੋਹ ਦੇ 4 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ, ਜੋ ਰਾਜਸਥਾਨ 'ਚ ਨਕਲੀ ਖਾਦ ਦਾ ਨਿਰਮਾਣ ਕਰਕੇ ਹੋਰ ਸੂਬਿਆਂ 'ਚ ਵੇਚਦੇ ਸਨ । ਇਸੇ ਤਰ੍ਹਾਂ 12 ਅਕਤੂਬਰ ਨੂੰ ਪੁਲਿਸ ਨੇ ਜਬਲਪੁਰ (ਮੱਧ ਪ੍ਰਦੇਸ਼) 'ਚ ਨਾਮੀ ਕੰਪਨੀਆਂ ਦੀਆਂ ਬੋਰੀਆਂ ਨਾਲ ਮਿਲਦੀਆਂ-ਜੁਲਦੀਆਂ ਬੋਰੀਆਂ 'ਚ ਨਕਲੀ ਖਾਦ ਭਰ ਕੇ ਵੇਚਣ ਵਾਲੇ ਇਕ ਖਾਦ ਦੀਆਂ 100 ਬੋਰੀਆਂ ਜ਼ਬਤ ਕੀਤੀਆਂ । ਜਦਕਿ 16 ਅਕਤੂਬਰ ਨੂੰ ਪੁਲਿਸ ਨੇ ਸਾਦਾਬਾਦ (ਯੂ.ਪੀ.) 'ਚ ਇਕ ਗੁਦਾਮ 'ਤੇ ਮਾਰੇ ਛਾਪੇ ਦੌਰਾਨ ਨਕਲੀ ਡੀ.ਏ.ਪੀ. ਖਾਦ ਦੇ 187 ਬੈਗ ਜ਼ਬਤ ਕੀਤੇ। ਮੱਧ ਪ੍ਰਦੇਸ਼ ਦੇ ਖੰਡਵਾ 'ਚ 22 ਅਕਤੂਬਰ ਨੂੰ ਨਕਲੀ ਡੀ.ਏ.ਪੀ. ਖਾਦ ਦੀਆਂ ਬੋਰੀਆਂ ਫੜੀਆਂ ਗਈਆਂ ਤੇ 23 ਅਕਤੂਬਰ ਨੂੰ ਮੱਧ ਪ੍ਰਦੇਸ਼ 'ਚ 30 ਟਨ ਤੋਂ ਵੱਧ ਨਕਲੀ ਪੋਟਾਸ਼ ਖਾਦ ਜ਼ਬਤ ਕੀਤੀ ਗਈ ।

ਇਥੇ ਵਰਨਣਯੋਗ ਹੈ ਕਿ ਇਕ ਪਾਸੇ ਤਾਂ ਗੈਰ-ਸਮਾਜਿਕ ਤੱਤ ਖਾਦ ਦੀ ਘਾਟ ਹੋਣ ਕਰਕੇ ਕਾਲਾਬਾਜ਼ਾਰੀ ਰਾਹੀਂ ਕਿਸਾਨਾਂ ਨੂੰ ਲੁੱਟ ਰਹੇ ਹਨ, ਜਦਕਿ ਦੂਜੇ ਪਾਸੇ ਕੁਝ ਕੰਪਨੀਆਂ ਕਿਸਾਨਾਂ ਨੂੰ ਡੀ.ਏ.ਪੀ. ਖਾਦ ਦੇ ਨਾਲ ਬੇਲੋੜੀ ਹੋਰ ਸਮੱਗਰੀ ਲੈਣ ਲਈ ਵੀ ਮਜਬੂਰ ਕਰ ਰਹੀਆਂ ਹਨ, ਜਿਨ੍ਹਾਂ ਨੂੰ ਨਾ ਖਰੀਦਣ 'ਤੇ ਉਨ੍ਹਾਂ ਨੂੰ ਖਾਦ ਨਹੀਂ ਦਿੱਤੀ ਜਾਂਦੀ । ਪੰਜਾਬ ਸਰਕਾਰ ਨੇ ਅਜਿਹੇ ਹਾਲਾਤ ਨਾਲ ਸਖਤੀ ਨਾਲ ਨਜਿੱਠਣ ਦਾ ਫੈਸਲਾ ਲਿਆ ਹੈ । ਜਿਸ ਦੇ ਤਹਿਤ ਖੇਤੀਬਾੜੀ ਵਿਭਾਗ ਵਲੋਂ ਕਿਸਾਨਾਂ ਨੂੰ ਤੈਅ ਕੀਮਤ 'ਤੇ ਡੀ.ਏ.ਪੀ. ਮੁਹੱਈਆ ਕਰਾਉਣ ਦੀਆਂ ਹਦਾਇਤਾਂ ਜਾਰੀ ਕਰਨ ਤੋਂ ਇਲਾਵਾ ਡੀ.ਏ.ਪੀ. ਖਾਦ ਜਾਂ ਹੋਰ ਖਾਦਾਂ ਨਾਲ ਗੈਰ-ਜ਼ਰੂਰੀ ਚੀਜ਼ਾਂ ਦੇਣ ਵਾਲੇ ਡੀਲਰਾਂ ਉੱਪਰ ਸਿਕੰਜਾ ਕੱਸਿਆ ਜਾ ਰਿਹਾ ਹੈ । ਪੰਜਾਬ ਸਰਕਾਰ ਨੇ ਖਾਦਾਂ, ਮਿਆਰੀ ਬੀਜਾਂ ਤੇ ਕੀਟਨਾਸ਼ਕਾਂ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ ਉੱਡਣ ਦਸਤਿਆਂ ਦੀਆਂ 5 ਟੀਮਾਂ ਦਾ ਗਠਨ ਕੀਤਾ ਹੈ । ਇਹ ਟੀਮਾਂ ਸਪਲਾਈ ਦੀ ਨਿਗਰਾਨੀ ਕਰਨ ਦੇ ਨਾਲ-ਨਾਲ ਖੇਤੀਬਾੜੀ ਨਾਲ ਸੰਬੰਧਿਤ ਵਸਤਾਂ ਦੇ ਮਿਆਰ ਨੂੰ ਕਾਇਮ ਰੱਖਣ ਲਈ ਇਨ੍ਹਾਂ ਦੀ ਨਿਯਮਿਤ ਜਾਂਚ ਤੇ ਨਮੂਨੇ ਰਾਹੀਂ ਗੁਣਵੱਤਾ ਨੂੰ ਯਕੀਨੀ ਬਣਾਉਣਗੀਆਂ । ਖੇਤੀਬਾੜੀ ਵਿਭਾਗ ਵੱਲੋਂ 1 ਅਪ੍ਰੈਲ ਤੋਂ 31 ਅਕਤੂਬਰ 2024 ਤੱਕ ਗੁਣਵੱਤਾ ਨਿਯੰਤਰਣ ਸੰਬੰਧੀ ਚਲਾਈ ਗਈ ਮੁਹਿੰਮ ਦੇ ਅੰਕੜਿਆਂ ਅਨੁਸਾਰ ਕਈ ਡੀਲਰਾਂ ਦੇ ਲਾਈਸੈਂਸ ਰੱਦ ਕੀਤੇ ਗਏ ਹਨ । ਇਸ ਤੋਂ ਇਲਾਵਾ ਰਸਾਇਣਕ ਖਾਦਾਂ ਦੇ 1751, ਬਾਇਓ ਖਾਦਾਂ ਦੇ 100 ਨਮੂਨਿਆਂ ਦੇ ਨਾਲ ਹੀ ਜੈਵਿਕ ਖਾਦ ਦੇ ਨਮੂਨੇ ਵੀ ਲਏ ਗਏ ਹਨ । ਇਸ ਦੌਰਾਨ ਮਿਲਾਵਟ ਕਰਨ ਵਾਲੀਆਂ 48 ਫਰਮਾਂ ਦੇ ਲਾਇਸੈਂਸ ਰੱਦ ਕਰਕੇ ਉਨ੍ਹਾਂ ਵਿਰੁੱਧ 3 ਐਫ. ਆਈ ਆਰਜ਼ ਦਰਜ ਕੀਤੀਆਂ ਗਈਆਂ ਹਨ ।

ਪੰਜਾਬ 'ਚ ਡੀ.ਏ.ਪੀ. ਖਾਦ ਦੀ ਘਾਟ ਨੂੰ ਦੇਖਦਿਆਂ ਪੀ.ਏ.ਯੂ. ਦੇ ਖੇਤੀ ਮਾਹਿਰਾਂ ਨੇ ਕਿਸਾਨਾਂ ਨੂੰ ਇਸ ਖਾਦ ਦੇ ਬਦਲਵੇਂ ਸਰੋਤਾਂ ਦੀ ਸਿਫਾਰਸ਼ ਕੀਤੀ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਲੁਧਿਆਣਾ ਦੇ ਖੇਤੀ ਵਿਗਿਆਨੀਆਂ ਨੇ ਆਉਂਦੀ ਕਣਕ ਦੀ ਫਸਲ ਲਈ ਡੀ.ਏ.ਪੀ. ਦੇ ਬਦਲ ਵਜੋਂ ਹੋਰ ਫਾਸਫੋਰਸ ਤੱਤਾਂ ਵਾਲੀਆਂ ਖਾਦਾਂ ਨੂੰ ਬਦਲਵੇਂ ਸਰੋਤਾਂ ਵਜੋਂ ਵਰਤਣ ਦਾ ਸੁਝਾਅ ਦਿੱਤਾ ਹੈ । ਪੀ.ਏ.ਯੂ. ਦੇ ਵਾਈਸ-ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕਿਹਾ ਕਿ ਡੀ.ਏ.ਪੀ. ਸਭ ਤੋਂ ਵੱਧ ਫਾਸਫੋਰਸ ਤੱਤ ਵਾਲੀ ਖਾਦ ਹੈ, ਜੋ ਝੋਨੇ-ਕਣਕ ਵਾਲੇ ਫਸਲੀ ਚੱਕਰ 'ਚ ਵਰਤੀ ਜਾਂਦੀ ਹੈ । ਕਣਕ ਦੀ ਫਸਲ ਲਈ ਕਿਸਾਨ ਦੂਜੀਆਂ ਫਾਸਫੋਰਸ ਤੱਤਾਂ ਵਾਲੀਆਂ ਖਾਦਾਂ ਨਾਲੋਂ ਡੀ.ਏ.ਪੀ. ਨੂੰ ਵਧੇਰੇ ਤਰਜੀਹ ਦਿੰਦੇ ਹਨ, ਕਿਉਂਕਿ ਇਹ ਖਾਦ ਉੱਚ ਫਾਸਫੋਰਸ (46 ਫੀਸਦੀ) ਮਾਤਰਾ ਵਾਲੀ ਹੈ ਤੇ ਬਿਜਾਈ ਸਮੇਂ ਕਣਕ ਦੀ ਨਾਈਟ੍ਰੋਜਨ ਦੀ ਜ਼ਰੂਰਤ ਨੂੰ ਵੀ ਪੂਰਾ ਕਰਦੀ ਹੈ । ਪਿਛਲੇ ਸਾਲਾਂ ਦੌਰਾਨ ਆਸਾਨੀ ਨਾਲ ਮਿਲਣ ਕਰਕੇ ਕਿਸਾਨਾਂ ਨੇ ਇਸ ਨੂੰ ਭਰਪੂਰ ਮਾਤਰਾ 'ਚ ਇਸਤੇਮਾਲ ਕੀਤਾ । ਮੌਜੂਦਾ ਸਮੇਂ ਡੀ.ਏ.ਪੀ. ਖਾਦ ਦੇ ਸੰਕਟ ਦੇ ਬਦਲ ਵਜੋਂ ਇਕ ਹੋਰ ਖਾਦ ਐਨ. ਪੀ. ਕੇ. (12:32:16) 'ਚ 32 ਫੀਸਦੀ ਫਾਸਫੋਰਸ ਤੇ 12 ਫੀਸਦੀ ਨਾਈਟ੍ਰੋਜਨ ਤੋਂ ਬਿਨਾਂ 16 ਫੀਸਦੀ ਪੋਟਾਸ਼ੀਅਮ ਦੀ ਮਾਤਰਾ ਪਾਈ ਜਾਂਦੀ ਹੈ । ਇਕ ਬੋਰਾ ਡੀ.ਏ.ਪੀ. ਪਿੱਛੇ ਡੇਢ ਬੋਰਾ ਐਨ. ਪੀ. ਕੇ ਦੀ ਵਰਤੋਂ ਕੀਤੀ ਜਾ ਸਕਦੀ ਹੈ । ਡੀ.ਏ.ਪੀ. ਦੇ ਤੀਸਰੇ ਬਦਲ ਵਜੋਂ ਸਿੰਗਲ ਸੁਪਰ ਫਾਸਫੇਟ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ, ਇਸ 'ਚ 16 ਫੀਸਦੀ ਫਾਸਫੋਰਸ ਤੱਤ ਮਿਲਦਾ ਹੈ ਤੇ ਇਸ ਦੇ 3 ਬੋਰਿਆਂ ਨਾਲ ਫਾਸਫੋਰਸ ਤੱਤ ਦੀ ਪੂਰਤੀ ਤੋਂ ਇਲਾਵਾ 18 ਕਿਲੋ ਗੰਧਕ ਵੀ ਕਣਕ ਦੀ ਫਸਲ ਨੂੰ ਮਿਲ ਸਕਦੀ ਹੈ । ਪੀ.ਏ.ਯੂ. ਦੇ ਮਾਹਿਰਾਂ ਅਨੁਸਾਰ ਜੈਵਿਕ ਖਾਦਾਂ ਦੀ ਵਰਤੋਂ ਨਾਲ ਵੀ ਫਾਸਫੋਰਸ ਤੱਤ ਦੀ ਪੂਰਤੀ ਹੋ ਸਕਦੀ ਹੈ । ਜਿਨ੍ਹਾਂ ਖੇਤਾਂ 'ਚ ਝੋਨੇ ਦੀ ਪਰਾਲੀ ਨੂੰ ਲਗਾਤਾਰ ਵਾਹੁਣ ਤੋਂ ਬਾਅਦ ਮਿੱਟੀ ਦੀ ਜੈਵਿਕ ਕਾਰਬਨ ਮਾਤਰਾ ਉੱਚ ਸ਼੍ਰੇਣੀ 'ਚ ਆਉਂਦੀ ਹੈ, ਫਾਸਫੋਰਸ ਵਾਲੀ ਖਾਦ ਨੂੰ 50 ਫੀਸਦੀ ਤੱਕ ਘਟਾਇਆ ਜਾ ਸਕਦਾ ਹੈ । ਕਿਸਾਨਾਂ ਨੂੰ ਇਨ੍ਹਾਂ ਸੁਝਾਏ ਗਏ ਬਦਲਾਂ 'ਤੇ ਵੀ ਵਿਚਾਰ ਕਰਨੀ ਚਾਹੀਦੀ ਹੈ । ਉਂਝ ਕਿਸਾਨ ਦੀ ਹਾਲਤ 'ਤੇ ਇਕ ਖੇਡ ਗੀਤ ਜੋ ਕਦੇ ਪੰਜਾਬ ਦੇ ਬੱਚਿਆਂ 'ਚ ਬਹੁਤ ਮਸ਼ਹੂਰ ਹੁੰਦਾ ਸੀ 'ਭੰਡਾਂ-ਭੰਡਾਰੀਆ ਕਿੰਨਾ ਕੁ ਭਾਰ ਇਕ ਮੁੱਠੀ ਚੁੱਕ ਲੈ ਦੂਜੀ ਤਿਆਰ' ਕਾਫੀ ਹੱਦ ਤਕ ਢੁਕਦਾ ਹੈ । ਇਸ ਖੇਡ ਵਾਂਗ ਕਿਸਾਨਾਂ ਦੀਆਂ ਮਜਬੂਰੀਆਂ, ਤੰਗੀਆਂ ਤੁਰਸ਼ੀਆਂ ਦਾ ਅਮੁੱਕ ਸਿਲਸਲਾ ਵੀ ਚਲਦੀ ਹੀ ਰਹਿੰਦਾ ਹੈ ।

## ਜ਼ਿਲ੍ਹਾ ਹੁਸ਼ਿਆਰਪੁਰ ਦਾ ਫਸਲੀ ਵਿਭਿੰਨਤਾ ਅਪਨਾਉਣ ਵਾਲਾ ਸਫਲ ਕਿਸਾਨ : ਸ. ਨਰਿੰਦਰਪਾਲ ਸਿੰਘ ਭਾਟੀਆ

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵੱਖ ਵੱਖ ਫਸਲਾਂ, ਫਲ, ਸਬਜ਼ੀਆਂ ਦੇ ਨਾਲ-ਨਾਲ ਸਫੈਦਾ ਅਤੇ ਪਾਪਲਰ ਦੀ ਕਾਸ਼ਤ ਵੀ ਵੱਡੇ ਰਕਬੇ ਤੇ ਕੀਤੀ ਜਾਂਦੀ ਹੈ, ਜਿਸ ਕਰਕੇ ਇਹ ਜ਼ਿਲਾ ਫਸਲੀ ਵਿਭਿੰਨਤਾ ਵਿਚ ਮੋਹਰੀ ਹੈ । ਇਸ ਜ਼ਿਲੇ ਦਾ ਪਿੰਡ ਬੋਦਲ ਦੇ ਵਸਨੀਕ ਸ. ਨਰਿੰਦਰ ਪਾਲ ਸਿੰਘ ਭਾਟੀਆ 66 ਸਾਲ ਦੇ ਕਿਸਾਨ ਹਨ ਅਤੇ ਐਮ.ਏ. (ਪੰਜਾਬੀ) ਵਿਚ ਪੋਸਟ ਗ੍ਰੈਜੂਏਟ ਹਨ । ਉਹ ਇਕ ਵਪਾਰੀ ਪਰਿਵਾਰ ਨਾਲ ਸੰਬੰਧ ਰੱਖਦੇ ਹਨ ਤੇ ਉਨ੍ਹਾਂ ਦੇ ਪਿਤਾ ਜੀ ਕੱਪੜੇ ਦਾ ਕਾਰੋਬਾਰ ਕਰਦੇ ਸੀ, ਅੱਜ ਵੀ ਪਿੰਡ ਵਿਚ ਉਨ੍ਹਾਂ ਦਾ ਇਹ ਪਿਤਾ-ਪੁਰਖੀ ਕਿੱਤਾ ਚੱਲ ਰਿਹਾ ਹੈ । ਉੱਚ ਪੜ੍ਹੇ-ਲਿਖੇ ਹੋਣ ਦੇ ਬਾਵਜੂਦ, ਉਨ੍ਹਾਂ ਨੇ ਨੌਕਰੀ ਨੂੰ ਤਰਜੀਹ ਨਹੀਂ ਦਿੱਤੀ ਸਗੋਂ ਖੇਤੀਬਾੜੀ ਨੂੰ ਇਕ ਕਿੱਤਾ ਅਤੇ ਸ਼ੌਕ ਵਜੋ ਅਪਣਾਇਆ । 1983 ਵਿਚ, ਉਨ੍ਹਾਂ ਨੇ 5 ਕਨਾਲ ਰਕਬੇ ਤੋਂ ਖੇਤੀਬਾੜੀ ਦਾ ਕੰਮ ਸ਼ੁਰੂ ਕੀਤਾ ਅਤੇ ਆਪਣੀ ਲਗਣ ਅਤੇ ਮਿਹਨਤ ਨਾਲ ਹੋਰ ਵਾਹੀਯੋਗ ਜ਼ਮੀਨ ਖਰੀਦੀ । ਉਨ੍ਹਾਂ ਨੇ ਫਸਲਾਂ, ਫਲ, ਸਬਜ਼ੀਆਂ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਇੱਥੋਂ ਤੱਕ ਕਿ ਵਣ-ਖੇਤੀ ਅਧੀਨ ਰਕਬਾ ਵੀ ਰੱਖਿਆ । ਮੌਜੂਦਾ ਸਮੇਂ ਵਿਚ ਉਹ 50 ਏਕੜ ਜ਼ਮੀਨ ਦੇ ਮਾਲਕ ਹਨ ਅਤੇ 25 ਏਕੜ ਜ਼ਮੀਨ ਠੇਕੇ ਤੇ ਲਈ ਹੈ ਅਤੇ ਕੁਲ 75 ਏਕੜ ਜ਼ਮੀਨ ਤੇ ਖੇਤੀ ਕਰ ਰਹੇ ਹਨ । ਉਹ 30 ਏਕੜ ਵਿਚ ਕਣਕ ਅਤੇ ਝੋਨਾ, 2.0 ਏਕੜ ਵਿਚ ਤੇਲ ਬੀਜ ਅਤੇ ਦਾਲ ਫਸਲਾਂ ਅਤੇ 10 ਏਕੜ ਵਿਚ ਕਮਾਦ ਉਗਾਉਂਦੇ ਹਨ । ਝੋਨੇ ਦੀ ਕਾਸ਼ਤ ਅਧੀਨ 16 ਏਕੜ ਰਕਬਾ ਕੱਦੂ ਵਾਲੇ ਝੋਨੇ ਦਾ ਅਤੇ 14 ਏਕੜ ਸਿੱਧੀ ਬਿਜਾਈ ਵਾਲੇ ਝੋਨੇ ਅਧੀਨ ਹੈ । ਆਪਣੇ ਪਿੰਡ ਵਿਚ, ਉਹ ਪਹਿਲੇ ਵਿਅਕਤੀ ਹਨ ਜਿਸ ਨੇ ਸਿੱਧੀ ਬਿਜਾਈ ਵਾਲੇ ਝੋਨੇ ਦੀ ਤਕਨੀਕ ਨੂੰ ਅਪਣਾਇਆ ਹੈ । ਉਨ੍ਹਾਂ ਨੇ ਇਹ ਉੱਦਮ 2022 ਵਿਚ ਸ਼ੁਰੂ ਕੀਤਾ ਜਦੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਗਿਆਨੀਆਂ ਅਤੇ ਪੰਜਾਬ ਰਾਜ ਦੇ ਖੇਤੀਬਾੜੀ ਵਿਭਾਗ ਨੇ ਉਨ੍ਹਾਂ ਨੂੰ ਪਾਣੀ ਦੀ ਬੱਚਤ ਕਰਨ ਅਤੇ ਸਿੱਧੀ ਬਿਜਾਈ ਵਾਲੇ ਝੋਨੇ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ । ਇਸ ਤੋਂ ਇਲਾਵਾ ਮਜ਼ਦੂਰਾਂ ਦੀ ਘਾਟ ਨੇ ਵੀ ਸਿੱਧੀ ਬਿਜਾਈ ਵਾਲੇ ਝੋਨੇਦੀ ਕਾਸ਼ਤ ਨੂੰ ਉਤੇਜਿਤ ਕੀਤਾ । ਸ਼ੁਰੂ ਵਿਚ ਉਨ੍ਹਾਂ ਨੇ ਸਿੱਧੀ ਬਿਜਾਈ 2022 ਵਿਚ ਸ਼ੁਰੂ ਕੀਤੀ, 2023 ਵਿਚ 8 ਏਕੜ ਅਤੇ ਫਿਰ 2024 ਵਿਚ 14 ਏਕੜ ਤੇ ਵਧਾ ਦਿੱਤੀ । ਉਨ੍ਹਾਂ ਨੇ ਲਗਾਤਾਰ ਸਿੱਧੀ ਬਿਜਾਈ ਵਾਲੇ ਝੋਨੇ ਅਧੀਨ ਰਕਬਾ ਵਧਾਇਆ ਕਿਉਂਕਿ 6000-7000 ਰੁਪਏ ਪ੍ਰਤੀ ਏਕੜ ਦੀ ਬਚਤ ਹੁੰਦੀ ਹੈ । ਉਹ 13 ਕਿੱਲੇ ਕਿੰਨੂ ਦੇ ਬਾਗ ਦੇ ਮਾਲਕ ਹਨ ਅਤੇ ਉਨ੍ਹਾਂ ਨੇ 40 ਸਾਲ ਪੁਰਾਣੇ ਅੰਬਾਂ ਦੇ 60 ਦਰੱਖਤ ਭੀ ਸਾਂਭੇ ਹੋਏ ਹਨ । ਉਨ੍ਹਾਂ ਨੇ ਆਪਣੇ ਬਾਗ ਵਿਚ ਭੂਮੀਗਤ ਸਿੰਚਾਈ ਪ੍ਰਣਾਲੀ ਸਥਾਪਤ ਕੀਤੀ ਹੋਈ ਹੈ ।

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਖੇਤੀ ਜੰਗਲਾਤ ਦੇ ਵਧ ਰਹੇ ਰੁਝਾਨ ਕਾਰਨ ਉਨ੍ਹਾਂ ਨੇ ਕ੍ਰਮਵਾਰ 10 ਅਤੇ 20 ਏਕੜ ਵਿਚ ਪਾਪਲਰ ਅਤੇ ਸਫੈਦੇ ਦੇ ਪੌਦੇ ਲਗਾਏ ਹਨ । ਉਨ੍ਹਾਂ ਦਾ ਮੰਨਣਾ ਹੈ ਕਿ ਕਿਸਾਨਾਂ ਨੂੰ ਮੰਡੀ ਤੋਂ ਸਬਜ਼ੀਆਂ ਨਹੀਂ ਖਰੀਦਣੀਆਂ ਚਾਹੀਦੀਆਂ ਅਤੇ ਘਰੇਲੂ ਵਰਤੋਂ ਲਈ ਸਬਜ਼ੀਆਂ ਘਰੇ ਹੀ ਉਗਾਉਣੀਆਂ ਚਾਹੀਦੀਆਂ ਹਨ । ਇਸ ਲਈ ਉਹ ਪਰਿਵਾਰਕ ਲੋੜਾਂ ਲਈ ਸਬਜ਼ੀਆਂ ਘਰੇਲੂ ਬਗੀਚੀ ਵਿਚ ਉਗਾਉਂਦੇ ਹਨ ।

ਉਹ ਫਾਰਮ ਸਲਾਹਕਾਰ ਸੇਵਾ ਕੇਂਦਰ, ਗੰਗੀਆਂ (ਹੁਸ਼ਿਆਰਪੁਰ) ਦੇ ਨਿਯਮਤ ਸੰਪਰਕ ਵਿਚ ਹਨ ਅਤੇ ਉਨ੍ਹਾਂ ਦੀ ਇਕ ਵਿਸ਼ੇਸ਼ ਅਤੇ ਵਿਲੱਖਣ ਆਦਤ ਜੋ ਉਨ੍ਹਾਂ ਨੂੰ ਦੂਜੇ ਕਿਸਾਨਾਂ ਨਾਲੋਂ ਵੱਖਰਾ ਬਣਾਉਂਦੀ ਹੈ, ਇਹ ਹੈ ਕਿ ਉਹ ਪੀ ਏ ਯੂ ਦੀਆਂ ਸਿਫਾਰਸ਼ਾਂ ਦੇ ਅਨੁਸਾਰ ਖੇਤੀ ਕਰਦੇ ਹਨ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਵਿਗਿਆਨੀਆਂ ਤੋਂ ਨਿਯਮਤ ਸਲਾਹ ਲੈਂਦੇ ਹਨ ਅਤੇ ਕਦੇ ਵੀ ਗੈਰ-ਸਿਫਾਰਸ਼ੀ ਖਾਦਾਂ, ਨਦੀਨਨਾਸ਼ਕਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨਹੀਂ ਕਰਦੇ । ਉਹ ਫਸਲ ਨੂੰ ਪੂਰੀ ਪੱਕਣ ਤੇ ਹੀ ਕੱਟਦੇ ਹਨ ਅਤੇ ਚੰਗਾ ਝਾੜ ਪ੍ਰਾਪਤ ਕਰਦੇ ਹਨ । ਇਕ ਬਹੁਤ ਹੀ ਮਿਹਨਤੀ ਅਤੇ ਅਗਾਂਹਵਧੂ ਕਿਸਾਨ ਹੋਣ ਦੇ ਨਾਲ-ਨਾਲ, ਉਹ ਸਮਾਜ ਪ੍ਰੇਮੀ ਵੀ ਹਨ ਉਨ੍ਹਾਂ ਨੇ ਆਪਣੇ ਬਾਗ ਵਿਚ ਭੂਮੀਗਤ ਸਿੰਚਾਈ ਪ੍ਰਣਾਲੀ ਸਥਾਪਿਤ ਕੀਤੀ ਹੋਈ ਹੈ । ਉਹ ਬਲਾਕ ਕਿਸਾਨ ਸਲਾਹਕਾਰ ਕਮੇਟੀ ਦਸੂਹਾ ਦੇ ਚੇਅਰਮੈਨ, ਮੈਂਬਰ ਪੰਚਾਇਤ ਬੋਦਲ, ਕੋਪਰੇਟਿਵ ਸੋਸਾਇਟੀ ਪਵੇਂ ਦੇ ਡਾਇਰੈਕਟਰ ਅਤੇ ਪ੍ਰਾਇਮਰੀ ਅਤੇ ਸੀਨੀਅਰ ਸਕੂਲ, ਬੋਦਲ ਦੀ ਸਕੂਲ ਕਮੇਟੀ ਦੇ ਮੈਂਬਰ ਬਣ ਕੇ ਮਨੁੱਖਤਾ ਅਤੇ ਭਾਈਚਾਰੇ ਦੀ ਸੇਵਾ ਵੀ ਕਰ ਰਹੇ ਹਨ । ਉਹ ਹਮੇਸ਼ਾਂ ਸਿਖਲਾਈ ਕੈਂਪਾਂ, ਖੇਤਰੀ ਅਤੇ ਰਾਜ ਪੱਧਰੀ ਕਿਸਾਨ ਮੇਲਿਆਂ ਵਿਚ ਹਿੱਸਾ ਲੈਂਦੇ ਹਨ । ਉਨ੍ਹਾਂ ਨੂੰ ਐਮ. ਐਸ. ਰੰਧਾਵਾ ਫਲ ਖੋਜ ਕੇਂਦਰ, ਗੰਗੀਆ, ਦਸੂਹਾ ਤੋਂ ਪ੍ਰਸ਼ੰਸਾ ਪੁਰਸਕਾਰ ਵੀ ਪ੍ਰਾਪਤ ਹੈ । ਉਨ੍ਹਾਂ ਦੀ ਕਹਾਣੀ ਜ਼ਿਲ੍ਹੇ ਦੇ ਹੋਰ ਕਿਸਾਨਾਂ ਨੂੰ ਲਾਭਦਾਇਕ ਆਮਦਨ ਅਤੇ ਖੇਤੀਬਾੜੀ ਪ੍ਰਣਾਲੀ ਨੂੰ ਕਾਇਮ ਰੱਖਦੇ ਹੋਏ ਵਿਭਿੰਨਤਾ ਵਾਲੀਆਂ ਫਸਲਾਂ ਨੂੰ ਅਪਣਾਉਣ ਲਈ ਇਕ ਅਸਲ ਪ੍ਰੇਰਣਾ ਹੈ ।

**ਚਰਨਜੀਤ ਕੌਰ, ਇੰਦਿਰਾ ਦੇਵੀ ਅਤੇ ਰਾਕੇਸ਼ ਕੁਮਾਰ ਸ਼ਰਮਾ, ਫਾਰਮ ਸਲਾਹਕਾਰ ਸੇਵਾ ਕੇਂਦਰ, ਹੁਸ਼ਿਆਰਪੁਰ (ਗੰਗੀਆਂ) ਮੋ. 94172-87920**

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

### ਕਣਕ

ਸੇਜੂ ਹਾਲਤਾਂ ਵਿਚ ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ 752, ਪੀ ਬੀ ਡਬਲਯੂ-771 ਅਤੇ ਪੀ ਬੀ ਡਬਲਯੂ-757 ਕਿਸਮਾਂ ਦੀ ਕਾਸ਼ਤ ਕਰੋ । ਬਿਜਾਈ ਵੇਲੇ 55 ਕਿੱਲੋ ਡੀ ਏ ਪੀ ਜਾਂ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ । ਜੇਕਰ ਫਾਸਫੋਰਸ ਲਈ ਡੀ ਏ ਪੀ ਖਾਦ ਵਰਤੀ ਹੈ ਤਾਂ ਬਿਜਾਈ ਸਮੇਂ ਯੂਰੀਆ ਦੀ ਲੋੜ ਨਹੀਂ । ਜੇਕਰ ਸਿੰਗਲ ਸੁਪਰਫਾਸਫੇਟ ਖਾਦ ਪਾਈ ਹੋਵੇ ਤਾਂ 20 ਕਿਲੋ ਯੂਰੀਆ ਪ੍ਰਤੀ ਏਕੜ ਬਿਜਾਈ



ਸਮੇਂ ਪਾਓ । ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਜਾਂ ਅਵਕੀਰਾ/ਮੋਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋਂ ਇਹਨਾਂ ਵਿਚੋਂ ਕਿਸੇ ਇਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ । ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿਲੋ ਯੂਰੀਆ/ਏਕੜ ਪਾਓ । ਮੈਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ 0.5% ਮੈਗਨੀਜ ਸਲਫੇਟ (ਇੱਕ ਕਿੱਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ) ਦਾ ਸਪਰੇਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ 3 ਸਪਰੇਅ ਹਫਤੇ-ਹਫਤੇ ਦੇ ਫਰਕ ਤੇ ਕਰੋ ।

### ਦਾਲਾਂ

ਛੋਲਿਆਂ ਅਤੇ ਮਸਰਾਂ ਵਿਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ । ਸਮੇਂ ਸਿਰ ਬੀਜੀ ਛੋਲਿਆਂ ਦੀ ਫਸਲ ਨੂੰ ਅੱਧ ਦਸੰਬਰ ਦੇ ਆਸ-ਪਾਸ ਪਾਣੀ ਦੇ ਦਿਓ ਜਦ ਕਿ ਮਸਰਾਂ ਦੀ ਬਿਜਾਈ ਦੇ ਇਕ ਮਹੀਨਾ ਬਾਅਦ ਪਾਣੀ ਦਿਉ ।

### ਕਮਾਦ

ਫਸਲ ਨੂੰ ਕੋਰੇ ਤੋਂ ਬਚਾਉਣ ਲਈ ਅੱਧ ਦਸੰਬਰ ਤੱਕ ਪਾਣੀ ਦਿਉ । ਅਗੇਤੀਆਂ ਕਿਸਮਾਂ ਨੂੰ ਪੀੜਨ ਅਤੇ ਕਟਾਈ (ਮਿੱਲਾਂ ਵਿਚ ਭੇਜਣ ਲਈ) ਸ਼ੁਰੂ ਕਰ ਦਿਓ । ਕਟਾਈ ਖਤਮ ਹੁੰਦਿਆਂ ਸਾਰ ਹੀ ਖੇਤ ਨੂੰ ਪਾਣੀ ਦੇ ਦਿਉ ।

### ਤੇਲ ਬੀਜ

ਰਾਇਆ ਅਤੇ ਅਫਰੀਕਨ ਸਰ੍ਹੋਂ ਦੀ ਬਿਜਾਈ 15 ਨਵੰਬਰ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ ।



ਗੋਭੀ ਸਰ੍ਹੋਂ ਦੀ ਪਿਛੇਤੀ ਬਿਜਾਈ ਨਾਲੋਂ ਪਨੀਰੀ ਰਾਹੀਂ ਫਸਲ ਜ਼ਿਆਦਾ ਲਾਹੇਵੰਦ ਹੈ । ਪਨੀਰੀ ਰਾਹੀਂ ਗੋਭੀ ਸਰ੍ਹੋਂ ਬੀਜਣ ਲਈ ਕਨੋਲਾ ਕਿਸਮ ਦੀ 30 ਦਿਨਾਂ ਦੀ ਉਮਰ ਦੀ ਪਨੀਰੀ ਵਰਤੋ । ਅਗੇਤੀ ਬੀਜੀ ਰਾਇਆ ਦੀ ਫਸਲ ਨੂੰ ਪਹਿਲੇ ਪਾਣੀ ਨਾਲ 45 ਕਿਲੋ ਯੂਰੀਆ ਪਾਓ । ਪਿਛੇਤੀ ਬੀਜੀ (ਨਵੰਬਰ-ਦਸੰਬਰ) ਜਾਣ ਵਾਲੀ ਗੋਭੀ ਸਰ੍ਹੋਂ/ਅਫਰੀਕਨ ਸਰ੍ਹੋਂ ਨੂੰ 25 ਪ੍ਰਤੀਸ਼ਤ ਨਾਈਟ੍ਰੋਜਨ ਘੱਟ ਪਾਓ ।

### ਬਰਸੀਮ

ਬਰਸੀਮ ਦੀ ਪਹਿਲੀ ਕਟਾਈ ਕਰ ਲਵੋ । ਰੇਤਲੀ ਜ਼ਮੀਨ ਵਿਚ ਮੈਗਨੀਜ਼ ਸਲਫੇਟ ਦੀ ਘਾਟ ਵਾਲੀ ਫਸਲ ਤੇ ਕਟਾਈ ਤੋਂ 2 ਹਫਤੇ ਬਾਅਦ 0.5% ਮੈਗਨੀਜ਼ ਸਲਫੇਟ (ਇਕ ਕਿਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ) ਦਾ ਛਿੜਕਾਅ ਕਰੋ ।

### ਸਬਜ਼ੀਆਂ

ਮਿਰਚ ਅਤੇ ਬੈਂਗਣ ਦੀ ਪਨੀਰੀ ਦੀ ਬਿਜਾਈ ਕਰੋ ਜੋ ਕਿ ਫਰਵਰੀ-ਮਾਰਚ ਵਿਚ ਟ੍ਰਾਂਸਪਲਾਂਟ ਕੀਤੀ ਜਾਣੀ ਹੈ । ਅਕਤੂਬਰ ਵਿਚ ਬੀਜੇ ਗਏ ਟਮਾਟਰ ਅਤੇ ਬੈਂਗਣ ਦੇ ਬੂਟਿਆਂ ਦੀ ਲੁਆਈ ਸ਼ੁਰੂ ਕਰੋ । ਇਹ ਸਮਾਂ ਹਾੜ੍ਹੀ ਦੇ ਪਿਆਜ਼ ਦੀਆਂ ਕਿਸਮਾਂ ਜਿਵੇਂ ਪੀ ਆਰ ਓ-7, ਪੰਜਾਬ ਨਰੋਆ, ਪੀ. ਵਾਈ. ਓ.-1, ਪੀ.ਡਬਲਯੂ. ਓ.-2 ਅਤੇ ਹਾਈਬ੍ਰਿਡ ਪੀ ਓ ਐੱਚ-1 ਦੀ ਬਿਜਾਈ ਲਈ ਢੁੱਕਵਾਂ ਹੈ । ਮਟਰ ਦੀਆਂ ਮੁੱਖ ਸਮੇਂ ਦੀਆਂ ਕਿਸਮਾਂ ਜਿਵੇਂ ਪੰਜਾਬ-89, ਮਿੱਠੀ ਫਲੀ ਅਤੇ ਗਾਜਰ ਦੀਆਂ ਯੂਰਪੀਅਨ ਕਿਸਮਾਂ ਦੀ ਬਿਜਾਈ ਦਾ ਵੀ ਢੁੱਕਵਾਂ ਸਮਾਂ ਹੈ । ਆਲੂ ਦੀ ਫਸਲ ਦੀ ਬਿਜਾਈ ਲਈ ਰੋਗ ਮੁਕਤ ਸਿਹਤਮੰਦ ਬੀਜ ਦੀ ਵਰਤੋਂ ਕਰੋ । ਬਲੈਕ ਸਕ੍ਰਫ ਦੀ ਜਾਂਚ ਕਰਨ ਲਈ ਬੀਜ ਨੂੰ 100 ਲਿਟਰ ਪਾਣੀ ਵਿਚ ਸਿਸਟੀਵਾ @ 80 ਮਿਲੀਲਿਟਰ ਜਾਂ ਐਮੇਸਟੋ ਪ੍ਰਾਈਮ @ 83 ਮਿਲੀਲਿਟਰ ਜਾਂ ਮੋਨਸਰੇਨ @ 250 ਮਿਲੀਲਿਟਰ ਨਾਲ ਰੋਗਾਣੂ ਮੁਕਤ ਕਰੋ । ਆਉਣ ਵਾਲੇ 3-4 ਦਿਨ ਖੁਸ਼ਕ ਮੌਸਮ ਦੇਖਦੇ ਹੋਏ ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ । ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ । ਸਰਦੀਆਂ ਦੀਆਂ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ, ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ । ਗੋਭੀ ਦੀਆਂ ਅਗੇਤੀਆਂ ਕਿਸਮਾਂ ਦੇ ਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ । ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਹਾਰਾ ਦਿਉ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ ।

### ਬਾਗਬਾਨੀ

ਨਵੇਂ ਲਗਾਏ ਸਦਾ ਬਹਾਰ ਫਲਦਾਰ ਬੂਟਿਆਂ ਨੂੰ ਠੰਡ ਤੋਂ ਬਚਾਉਣ ਲਈ ਲੋੜੀਂਦੇ ਉਪਰਾਲੇ ਸ਼ੁਰੂ ਕਰੋ । ਨਿੰਬੂ ਜਾਤੀ ਦੇ ਖਰੀਂਢ ਰੋਗ ਨੂੰ ਖਤਮ ਕਰਨ ਲਈ 50 ਗ੍ਰਾਮ ਸਟਰੈਪਟੋਸਾਈਕਲੀਨ 25 ਗ੍ਰਾਮ ਕੌਪਰ ਸਲਫੇਟ 500 ਲੀਟਰ ਪਾਣੀ ਵਿਚ ਪਾਕੇ ਛਿੜਕਾਅ ਕਰੋ । ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ । ਬੇਰਾਂ ਦੇ ਬੂਟਿਆਂ ਨੂੰ ਚਿੱਟੇ ਦੇ ਰੋਗ ਤੋਂ ਬਚਾਉਣ ਲਈ 0.25% (250 ਗ੍ਰਾਮ/100 ਲੀਟਰ ਪਾਣੀ) ਘੁਲਣਸ਼ੀਲ ਸਲਫਰ ਦਾ ਛਿੜਕਾਅ ਅਤੇ ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨਾਂ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉਪਰ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਕਰੋ । ਬੇਰਾਂ ਉੱਪਰ ਇਸ ਸਮੇਂ ਭਰਵਾਂ ਫਲ ਲੱਗਿਆ ਹੋਇਆ ਹੈ ਇਸ ਮਹੀਨੇ ਇੱਕ ਸਿੰਚਾਈ ਜ਼ਰੂਰ ਕਰੋ । ਪੱਤਝੜੀ ਕਿਸਮਾਂ ਦੇ ਫਲਦਾਰ ਬੂਟੇ ਜਿਵੇਂ ਆੜੂ, ਅਲੂਚਾ, ਨਾਸ਼ਪਾਤੀ, ਅੰਜ਼ੀਰ, ਅੰਗੂਰ ਆਦਿ ਲਗਾਉਣ ਲਈ ਖੇਤ ਦੀ ਤਿਆਰੀ ਸ਼ੁਰੂ ਕਰ ਲਵੋ । ਅੰਬਾਂ ਦੀ ਗੂੰਦਿਹੜੀ ਦੀ ਰੋਕਥਾਮ ਲਈ ਦਰੱਖਤਾਂ ਦੇ ਮੁੱਖ ਤਣੇ ਦੁਆਲੇ ਅਲਕਾਥੇਨ ਸ਼ੀਟ ਲਪੇਟੀ ਜਾ ਸਕਦੀ ਹੈ ।

### ਪਸ਼ੂ ਪਾਲਣ

ਸਰਦੀਆਂ ਵਿਚ ਪਸ਼ੂਆਂ ਨੂੰ ਠੰਡੀ ਹਵਾ ਤੋਂ ਬਚਾਉਣਾ ਚਾਹੀਦਾ ਹੈ ਕਿਉਂਕਿ ਘੱਟ ਤਾਪਮਾਨ ਨਾ ਸਿਰਫ ਪਸ਼ੂਆਂ ਦੀ ਸਿਹਤ ਲਈ ਹਾਨੀਕਾਰਕ ਹੈ ਸਗੋਂ ਇਹ ਪਸ਼ੂ ਦੀ ਦੁੱਧ ਦੇਣ ਦੀ ਸਮਰੱਥਾ ਤੇ ਵੀ



ਅਸਰ ਪਾਉਂਦਾ ਹੈ । ਸੋ ਸਰਦੀ ਵਿਚ ਪਸ਼ੂਆਂ ਨੂੰ ਧੁੱਪ ਦਾ ਆਨੰਦ ਲੈਣ ਦਿਉ ਅਤੇ ਦਿਨ ਵੇਲੇ ਢਾਰਿਆਂ ਦੀਆਂ ਖਿੜਕੀਆਂ ਖੋਲ ਦਿਓ ਤਾਂ ਜੋ ਸ਼ੈੱਡਾਂ ਵਿਚ ਜ਼ਿਆਦਾ ਨਮੀਂ ਨਾ ਇਕੱਠੀ ਹੋਵੇ । ਠੰਡ ਤੋਂ ਬਚਾਉ ਲਈ ਪਸ਼ੂਆਂ ਨੂੰ ਖੁਰਾਕ ਦੀ ਵੱਧ ਲੋੜ ਪੈਂਦੀ ਹੈ ਤਾਂ ਜੋ ਠੰਡ ਦਾ ਟਾਕਰਾ ਕੀਤਾ ਜਾ ਸਕੇ ਅਤੇ ਬਿਮਾਰੀ ਤੋਂ ਬਚਿਆ ਜਾਵੇ । ਸਰਦੀਆਂ ਵਾਲੀ ਵੰਡ ਵਿਚ ਜ਼ਿਆਦਾ ਤਾਕਤ ਵਾਲੇ ਖੁਰਾਕੀ ਪਦਾਰਥ ਜਿਵੇਂ ਕਿ ਦਾਣੇ ਦੀ ਵੱਧ ਤੋਂ ਵੱਧ ਵਰਤੋਂ ਕਰੋ ।

# ਸਿਆਲੂ ਅਮਰੂਦਾਂ ਦੀ ਤੁੜਾਈ ਅਤੇ ਸਾਂਭ-ਸੰਭਾਲ ਦੀਆਂ ਤਕਨੀਕਾਂ

ਗਗਨਦੀਪ ਕੌਰ, ਕਿਰਨਦੀਪ ਕੌਰ ਅਤੇ ਜਸਵਿੰਦਰ ਸਿੰਘ ਬਰਾੜ, ਫਲ ਵਿਗਿਆਨ, ਪੀ. ਏ. ਯੂ., ਲੁਧਿਆਣਾ
(ਮੋ. 98720-71306)

ਉੱਤਰ ਭਾਰਤੀ ਵਿੱਚ, ਅਮਰੂਦ ਦੇ ਦੋ ਪ੍ਰਮੁੱਖ ਮੌਸਮ ਹਨ, ਇਕ ਬਰਸਾਤ ਰੁੱਤ ਦਾ ਅਤੇ ਦੂਜਾ ਸਰਦੀ ਰੁੱਤ ਜਿਸ ਅਨੁਸਾਰ ਕ੍ਰਮਵਾਰ ਜੁਲਾਈ-ਅਗਸਤ ਅਤੇ ਨਵੰਬਰ-ਫਰਵਰੀ ਦੇ ਦੌਰਾਨ ਫਲਾਂ ਦੀ ਤੁੜਾਈ ਹੁੰਦੀ ਹੈ । ਆਮ ਤੌਰ 'ਤੇ ਫਲਾਂ ਦੀ ਤੁੜਾਈ ਰੰਗ ਬਦਲਣ 'ਤੇ ਕੀਤੀ ਜਾਂਦੀ ਹੈ । ਫਲਾਂ ਦਾ ਬਾਜ਼ਾਰ ਵਿਚ ਮੁੱਲ ਅਤੇ ਤਾਜ਼ਗੀ ਤੁੜਾਈ ਅਤੇ ਤੁੜਾਈ ਤੋਂ ਬਾਅਦ ਦੇ ਪ੍ਰਬੰਧਨ ਉੱਤੇ ਨਿਰਭਰ ਕਰਦੀ ਹੈ ।

**ਫਲਾਂ ਦੀ ਤੁੜਾਈ ਲਈ ਮਾਪਦੰਡ** : ਅਮਰੂਦ ਦੇ ਫਲਾਂ ਦੀ ਤੁੜਾਈ ਪੱਕਣ ਦੇ ਸਹੀ ਪੜਾਅ 'ਤੇ ਕਰਨੀ ਚਾਹੀਦੀ ਹੈ ਤਾਂ ਜੋ ਫਲ ਵਿਚ ਵੱਧ ਤੋਂ ਵੱਧ ਕੁੱਲ ਘੁਲਣਸ਼ੀਲ ਪਦਾਰਥ ਅਤੇ ਪੌਸ਼ਟਿਕ ਤੱਤਾਂ ਦੀ ਮਾਤਰਾ ਬਣ ਸਕੇ । ਅਮਰੂਦ ਦੇ ਫਲਾਂ ਨੂੰ ਬੂਟਿਆਂ 'ਤੇ ਪੱਕਣ ਨਹੀਂ ਦੇਣਾ ਚਾਹੀਦਾ ਕਿਉਂਕਿ ਉਹ ਜਾਂ ਤਾਂ ਜ਼ਮੀਨ 'ਤੇ ਡਿੱਗ ਜਾਣਗੇ ਜਾਂ ਪੰਛੀਆਂ ਦੁਆਰਾ ਨੁਕਸਾਨੇ ਜਾਣਗੇ । ਮੰਡੀ ਦੀ ਮੰਗ ਅਤੇ ਪਹੁੰਚ 'ਤੇ ਨਿਰਭਰ ਕਰਦਿਆਂ, ਫਲਾਂ ਦੀ ਤੁੜਾਈ ਉਦੋਂ ਕੀਤੀ ਜਾ ਸਕਦੀ ਹੈ ਜਦੋਂ ਫਲਾਂ ਦਾ ਰੰਗ ਗੂੜ੍ਹੇ ਹਰੇ ਤੋਂ ਫਿੱਕੇ ਹਰੇ ਜਾਂ ਪੀਲੇ ਹਰੇ ਵਿਚ ਬਦਲ ਜਾਂਦਾ ਹੈ ਅਤੇ ਫਲ ਮਿੱਠੇ ਹੋ ਜਾਂਦੇ ਹਨ । ਤੁੜਾਈ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਫਲਾਂ ਨੂੰ ਪ੍ਰੋਸੈਸਿੰਗ ਲਈ ਜਾਂ ਸਿੱਧਾ ਖਾਣ ਲਈ ਵਰਤਣਾ ਹੈ । ਅਮਰੂਦ ਦੇ ਫਲਾਂ ਦੀ ਤੁੜਾਈ ਫਲਾਂ ਦੇ ਬਾਹਰੀ ਰੰਗ ਦੇ ਗੂੜ੍ਹੇ ਹਰੇ ਤੋਂ ਪੀਲੇ ਹਰੇ ਰੰਗ ਵਿਚ ਬਦਲਣ ਉਪਰੰਤ ਕਰਨੀ ਚਾਹੀਦੀ ਹੈ ।

ਪੰਜਾਬ ਐਪਲ ਅਮਰੂਦ ਕਿਸਮ ਵਿਚ, ਸਰਦੀਆਂ ਦੇ ਮਹੀਨਿਆਂ ਦੌਰਾਨ



ਐਂਥੋਸਾਈਨਿਨ ਪਿਗਮੈਂਟੇਸ਼ਨ ਕਾਰਨ ਫਲਾਂ ਦਾ ਬਾਹਰੀ ਰੰਗ ਗੂੜ੍ਹੇ ਹਰੇ ਤੋਂ ਲਾਲ ਰੰਗ ਵਿਚ ਬਦਲ ਜਾਂਦਾ ਹੈ । ਤਾਪਮਾਨ ਵਿਚ ਗਿਰਾਵਟ ਪਰ ਧੁੱਪ ਬਰਕਰਾਰ ਰਹਿਣ ਨਾਲ ਐਂਥੋਸਾਈਨਿਨ ਪਿਗਮੈਂਟੇਸ਼ਨ ਵੱਧਦੀ ਹੈ । ਤਾਜ਼ੇ ਫਲਾਂ ਦੀ ਤੁਰੰਤ ਮੰਡੀਕਰਨ ਲਈ, ਫਲਾਂ ਦੀ ਤੁੜਾਈ ਉਦੋਂ ਕੀਤੀ ਜਾਂਦੀ ਹੈ ਜਦੋਂ ਫਲਾਂ 'ਤੇ ਲਾਲ ਰੰਗ ਪੂਰਾ ਹੋ ਜਾਂਦਾ ਹੈ ਅਤੇ ਫਲ ਨਰਮ ਹੋਣਾ ਸ਼ੁਰੂ ਹੋ ਜਾਂਦਾ ਹੈ ।

**ਤੁੜਾਈ** : ਜਦੋਂ ਅਮਰੂਦ ਦੇ ਫਲ ਪੱਕੇ ਪਰ ਸਖਤ ਹੁੰਦੇ ਹਨ, ਉਹਨਾਂ ਨੂੰ ਹੱਥਾਂ ਨਾਲ ਤੋੜਨਾ ਚਾਹੀਦਾ ਹੈ । ਤੁੜਾਈ ਕਰਨ ਲਈ ਪਲਾਸਟਿਕ ਦੇ ਕਰੇਟ, ਬਾਲਟੀਆਂ ਅਤੇ ਥੈਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ । ਸਰਦੀਆਂ ਦੇ ਦੌਰਾਨ, ਤੁੜਾਈ ਲਗਭਗ 100 ਦਿਨਾਂ ਦੀ ਮਿਆਦ ਵਿਚ ਹੁੰਦੀ ਹੈ, ਹਰ ਹਫਤੇ ਦੋ ਤੋਂ ਤਿੰਨ ਵਾਰ ਤੁੜਾਈ ਕੀਤੀ ਜਾਂਦੀ ਹੈ ।

**ਦਰਜਾਬੰਦੀ** : ਪੌਸ਼ਟਿਕ ਗੁਣਾਂ ਨੂੰ ਬਰਕਰਾਰ ਰੱਖਣ ਅਤੇ ਨਮੀ ਦੇ ਨੁਕਸਾਨ ਨੂੰ ਘਟਾਉਣ ਲਈ, ਫਲਾਂ ਨੂੰ ਛਾਂ ਤੇ ਸਟੋਰ ਕਰਨਾ ਚਾਹੀਦਾ ਹੈ, ਰੋਗੀ ਅਤੇ ਖਰਾਬ ਫਲਾਂ ਨੂੰ ਪੈਕ ਹਾਊਸ ਵਿਚ ਅਲੱਗ ਕਰ ਦੇਣਾ ਚਾਹੀਦਾ ਹੈ, ਅਤੇ ਬਾਕੀ ਫਲਾਂ ਨੂੰ ਨਰਮ ਕੱਪੜੇ ਨਾਲ ਸਾਫ ਕਰਨਾ ਚਾਹੀਦਾ ਹੈ । ਫਲਾਂ ਦੀ ਗਰੇਡਿੰਗ ਕਰਦੇ ਸਮੇਂ ਆਕਾਰ, ਭਾਰ ਅਤੇ ਰੰਗ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ । ਫਲਾਂ ਦੀ ਗਰੇਡਿੰਗ ਕਰਨੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਉਹਨਾਂ ਦਾ ਬਾਜ਼ਾਰੀ ਮੁੱਲ ਵੱਧਦਾ ਹੈ । ਅਮਰੂਦ ਦੇ ਫਲਾਂ ਨੂੰ ਭਾਰ ਅਤੇ ਆਕਾਰ ਦੇ ਅਨੁਸਾਰ ਛੇ ਗ੍ਰੇਡਾਂ ਵਿਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ । (ਸਾਰਣੀ-1)

**ਪੈਕਿੰਗ** : ਤੁੜਾਈ ਤੋਂ ਬਾਅਦ ਗ੍ਰੇਡ ਕੀਤੇ ਫਲਾਂ ਨੂੰ ਰੱਖਣ ਲਈ ਬਾਂਸ ਜਾਂ ਤੂਤ ਦੀਆਂ ਬਣੀਆਂ ਟੋਕਰੀਆਂ ਵੀ ਵਰਤੋਂ ਕੀਤੀ ਜਾ ਸਕਦੀ ਹੈ । ਝਟਕਿਆਂ ਦੇ ਨੁਕਸਾਨ ਤੋਂ ਰੋਕਣ ਲਈ, ਪਲਾਸਟਿਕ ਜਾਂ ਲੱਕੜ ਦੇ ਬਕਸੇ ਦੇ ਹੇਠਲੇ ਹਿੱਸੇ ਵਿਚ ਝੋਨੇ ਦੀ ਪਰਾਲੀ, ਸੁੱਕਾ ਘਾਹ, ਅਮਰੂਦ ਦੇ ਪੱਤੇ, ਕੱਟੇ ਹੋਏ ਕਾਗਜ਼ ਜਾਂ ਅਖਬਾਰ ਦੀ ਵਰਤੋਂ ਕਰਨੀ ਚਾਹੀਦੀ ਹੈ ।

**ਮਾਰਕੀਟਿੰਗ** : ਮੰਡੀਕਰਨ ਫਲਾਂ ਨੂੰ ਬਾਗਾਂ ਤੋਂ ਗਾਹਕ ਤੱਕ ਲਿਜਾਣ ਦੀ ਪ੍ਰਕਿਰਿਆ ਹੈ । ਫਲ ਉਤਪਾਦਕ, ਠੇਕੇਦਾਰ, ਹੋਲ-ਸੇਲ ਵਿਕਰੇਤਾ, ਪ੍ਰਚੂਨ ਵਿਕਰੇਤਾ ਅਤੇ ਹੋਰ ਸਮੇਤ ਬਹੁਤ ਸਾਰੀਆਂ ਸੰਸਥਾਵਾਂ ਇਸ ਪ੍ਰਕਿਰਿਆ ਵਿੱਚ ਸ਼ਾਮਲ ਹਨ । ਜੇਕਰ ਉਤਪਾਦਕ ਖੁਦ ਆਪਣੀ ਉਪਜ ਦਾ ਮੰਡੀਕਰਨ ਕਰਦੇ ਹਨ, ਤਾਂ ਉਨ੍ਹਾਂ ਨੂੰ ਮੁਨਾਫਾ ਵੱਧ ਹੁੰਦਾ ਹੈ । ਕੁਸ਼ਲ ਮੰਡੀਕਰਨ ਬਾਗਬਾਨਾਂ ਨੂੰ ਵੱਧ ਮੁਨਾਫਾ ਪ੍ਰਾਪਤ ਕਰਨ, ਵਿਚੋਲਿਆਂ ਦਾ ਮੁਨਾਫਾ ਘਟਾਉਣ ਅਤੇ ਖਪਤਕਾਰਾਂ ਨੂੰ ਵਾਜਬ ਮੁੱਲ 'ਤੇ ਵਧੀਆ ਮਿਆਰ ਵਾਲੇ ਫਲਾਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ । ਇਸ ਨਾਲ ਬਾਜ਼ਾਰ ਵਿਚ ਇਕਦਮ ਫਲਾਂ ਦੀ ਭਰਮਾਰ ਵੀ ਨਹੀਂ ਹੁੰਦੀ ਹੈ ।

**ਸਾਰਣੀ 1 : ਭਾਰ ਅਤੇ ਆਕਾਰ ਦੇ ਆਧਾਰ 'ਤੇ ਅਮਰੂਦ ਦੀ ਗਰੇਡਿੰਗ (ਮਾਰਕੀਟਿੰਗ ਅਤੇ ਨਿਰੀਖਣ ਡਾਇਰੈਕਟੋਰੇਟ)**

| ਗ੍ਰੇਡ | ਭਾਰ (ਗ੍ਰਾਮ) | ਵਿਆਸ (ਮਿਲੀਮਿਟਰ) |
|---|---|---|
| ਏ | >350 | <95 |
| ਬੀ | 251-3508 | 6-95 |
| ਸੀ | 201-250 | 76-85 |
| ਡੀ | 151-200 | 66-75 |
| ਈ | 101-150 | 54-65 |
| ਐਫ | 61-100 | 43-53 |

ਠੇਕੇਦਾਰ ਆਮ ਤੌਰ 'ਤੇ ਫਲਾਂ ਦੀ ਪਕਾਈ ਅਤੇ ਆਕਾਰ ਦੇ ਪੜਾਅ ਦੇ ਆਧਾਰ 'ਤੇ ਫਲਾਂ ਦੀ ਗ੍ਰੇਡਿੰਗ ਕਰਦੇ ਹਨ ।

**ਬਹੁਤ ਸਾਰੇ ਪਸ਼ੂ ਪਾਲਕ ਵੀਰ ਜਾਤੀਵਾਦ ਤੋਂ ਉੱਠ ਕੇ ਇਸ ਕਿੱਤੇ ਨੂੰ ਮੁੱਖ ਕਿੱਤੇ ਵਜੋਂ ਅਪਣਾ ਰਹੇ ਹਨ, ਕਿਉਂਕਿ ਲਵੇਰਿਆਂ ਦੇ ਮੁਕਾਬਲੇ ਇਸ ਵਿੱਚ ਸ਼ੁਰੂਆਤੀ ਖਰਚਾ ਘੱਟ ਹੁੰਦਾ ਹੈ ਅਤੇ ਮੁਨਾਫਾ ਵਧੀਆ ਹੁੰਦਾ ਹੈ । ਇਸ ਧੰਦੇ ਚੋਂ ਵਧੇਰੇ ਮੁਨਾਫਾ ਲੈਣ ਲਈ ਇਹ ਧਿਆਨ ਰੱਖਿਆ ਜਾਵੇ ਕਿ ਸੂਰੀ ਜਲਦੀ ਤੋਂ ਜਲਦੀ ਜਵਾਨ ਹੋਵੇ । ਜਵਾਨ ਸੂਰੀ ਵੇਲੇ ਸਿਰ ਹੇਹੇ ਵਿੱਚ ਆਵੇ । ਹੇਹੇ 'ਚ ਆਈ ਸੂਰੀ ਗੱਭਣ ਕਰਾਉਣ ਉਪਰੰਤ ਆਸ ਨਿਕਲ ਆਵੇ ਅਤੇ ਸੂਣ ਸਮੇਂ ਵਧੇਰੇ ਬੱਚੇ ਪੈਦਾ ਕਰੇ ਅਤੇ ਦੁੱਧ ਛਡਾਉਣ ਤੱਕ ਵੱਧ ਤੋਂ ਵੱਧ ਜਿੰਦਾ ਰਹਿਣ ।**



# ਸੂਰੀਆਂ ਵਿੱਚ ਪ੍ਰਜਣਨ ਸਮੱਸਿਆਵਾਂ

ਬਿਲਾਵਲ ਸਿੰਘ ਅਤੇ ਖੁਸ਼ਪ੍ਰੀਤ ਸਿੰਘ, ਪਸ਼ੂ ਪਾਲਣ ਅਤੇ ਚਿਕਿਤਸਾ ਪਸਾਰ ਸਿੱਖਿਆ ਵਿਭਾਗ

ਲੋਕ ਪੁਰਾਣੀ ਧਾਰਨਾਵਾਂ ਨੂੰ ਛੱਡ ਕੇ ਸੂਰ ਪਾਲਣ ਦੇ ਕਿੱਤੇ ਨੂੰ ਅਪਣਾ ਰਹੇ ਹਨ, ਜਿਸ ਕਰਕੇ ਇਹ ਕਿੱਤਾ ਪਸ਼ੂ ਪਾਲਕਾਂ ਵਿੱਚ ਬਹੁਤ ਹਰਮਨ ਪਿਆਰਾ ਹੋ ਗਿਆ ਹੈ । ਬਹੁਤ ਸਾਰੇ ਪਸ਼ੂ ਪਾਲਕ ਵੀਰ ਜਾਤੀਵਾਦ ਤੋਂ ਉੱਠ ਕੇ ਇਸ ਕਿੱਤੇ ਨੂੰ ਮੁੱਖ ਕਿੱਤੇ ਵਜੋਂ ਅਪਣਾ ਰਹੇ ਹਨ, ਕਿਉਂਕਿ ਲਵੇਰਿਆਂ ਦੇ ਮੁਕਾਬਲੇ ਇਸ ਵਿੱਚ ਸ਼ੁਰੂਆਤੀ ਖਰਚਾ ਘੱਟ ਹੁੰਦਾ ਹੈ ਅਤੇ ਮੁਨਾਫਾ ਵਧੀਆ ਹੁੰਦਾ ਹੈ । ਇਸ ਧੰਦੇ ਚੋਂ ਵਧੇਰੇ ਮੁਨਾਫਾ ਲੈਣ ਲਈ ਇਹ ਧਿਆਨ ਰੱਖਿਆ ਜਾਵੇ ਕਿ ਸੂਰੀ ਜਲਦੀ ਤੋਂ ਜਲਦੀ ਜਵਾਨ ਹੋਵੇ । ਜਵਾਨ ਸੂਰੀ ਵੇਲੇ ਸਿਰ ਹੇਹੇ ਵਿੱਚ ਆਵੇ । ਹੇਹੇ 'ਚ ਆਈ ਸੂਰੀ ਗੱਭਣ ਕਰਾਉਣ ਉਪਰੰਤ ਆਸ ਨਿਕਲ ਆਵੇ ਅਤੇ ਸੂਣ ਸਮੇਂ ਵਧੇਰੇ ਬੱਚੇ ਪੈਦਾ ਕਰੇ ਅਤੇ ਦੁੱਧ ਛਡਾਉਣ ਤੱਕ ਵੱਧ ਤੋਂ ਵੱਧ ਜਿੰਦਾ ਰਹਿਣ । ਪਰ ਕਈਂ ਵਾਰ ਸੂਰੀਆਂ 'ਚ ਬੱਚੇਦਾਨੀ ਜਾਂ ਅੰਡੇਦਾਨੀ ਦੀਆਂ ਬਿਮਾਰੀਆਂ ਪੈਦਾ ਹੋ ਜਾਂਦੀ ਹੈ, ਜਿਨ੍ਹਾਂ ਦਾ ਸਿੱਧਾ ਅਸਰ, ਉਹਨਾਂ ਦੀ ਪ੍ਰਜਣਨ ਸ਼ਕਤੀ ਤੇ ਮਾੜਾ ਪ੍ਰਭਾਵ ਪਾਉਂਦਾ ਹੈ ਅਤੇ ਨਾਲ ਹੀ ਉਸ ਦਾ ਸਿੱਧਾ ਅਸਰ ਸੂਰ ਪਾਲਕਾਂ ਦੀ ਆਰਥਿਕ ਜੇਬ ਨੂੰ ਉਠਾਉਣਾ ਪੈਂਦਾ ਹੈ । ਅੱਜ ਦੇ ਇਸੇ ਉਪਰੋਕਤ ਲੇਖ ਵਿੱਚ ਕੁਝ ਇਸ ਤਰ੍ਹਾਂ ਦੀਆਂ ਪ੍ਰਜਨਣ ਸਮੱਸਿਆਵਾਂ ਬਾਰੇ ਗੱਲ ਕਰਾਂਗੇ, ਤਾਂ ਜੋ ਉਸਦਾ ਸਮੇਂ ਸਿਰ ਇਲਾਜ ਕਰਵਾਇਆ ਜਾਵੇ ।

**1. ਸੂਰੀਆਂ ਦਾ ਹੇਹੇ ਵਿੱਚ ਨਾ ਆਉਣਾ** : ਆਮ ਤੌਰ ਤੇ ਜਵਾਨ ਸੂਰੀ 8 ਮਹੀਨੇ ਦੀ ਉਮਰ ਚ ਹੇਹੇ ਵਿੱਚ ਆ ਜਾਂਦੀਆਂ ਹਨ ਜਾਂ ਦੁੱਧ ਛੁਡਾਉਣ ਤੋਂ ਇੱਕ ਹਫਤੇ ਬਾਅਦ ਸੂਈਆਂ ਹੋਈਆਂ ਸੂਰੀਆਂ ਵੀ ਦੁਬਾਰਾ ਹੇਹੇ ਚ ਆਉਂਦੀਆਂ ਹਨ, ਪਰ ਕਈਂ ਵਾਰ ਹੇਹਾ ਚੱਕਰ ਸ਼ੁਰੂ ਨਹੀਂ ਹੁੰਦਾ ।

**ਕਾਰਣ** : 1. ਸੰਤੁਲਿਤ ਖੁਰਾਕ ਦਾ ਨਾ ਹੋਣਾ ।

2. ਉੱਲੀ ਖੁਰਾਕ ਦਾ ਹੋਣਾ (Aflatoxin and myrotoxin).

3. ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਘੱਟ ਹੋਣਾ ।

4. Stress ਦਾ ਹੋਣਾ (ਗਰਮੀ ਕਾਰਣ) ।

5. ਬੱਚੇਦਾਨੀ ਅੰਦਰ ਸੋਜ਼ ।

6. ਅੰਡੇ ਦਾ ਵਿਕਸਿਤ ਨਾ ਹੋਣਾ ।

7. ਸੂਅ ਤੋਂ ਲੇਸਦਾਰ ਪਦਾਰਥ ਦਾ ਆਉਣਾ ।

8. ਮਲੱਪ ਰਹਿਤ ਨਾ ਹੋਣਾ ।

9. ਗੁੰਗਾ ਹੇਹਾ ਆਦਿ ।

**2. ਸੂਰੀਆਂ ਨੂੰ ਹੇਹੇ ਵਿੱਚ ਲੈ ਕੇ ਆਉਣਾ** : 1. ਸੂਰੀਆਂ ਨੂੰ ਹਮੇਸ਼ਾਂ ਹੀ ਸੰਤੁਲਿਤ ਖੁਰਾਕ ਹੀ ਪਾਉਣੀ ਚਾਹੀਦੀ ਹੈ । ਕਈਂ ਵਾਰ ਸੰਤੁਲਿਤ ਖੁਰਾਕ ਨਾ ਹੋਣ ਕਰਕੇ ਕਈ ਸੂਰੀਆਂ ਜਵਾਨ ਲੇਟ ਹੁੰਦੀਆਂ ਹਨ । ਸੋ ਅਜਿਹੀ ਸੂਰਤ ਵਿੱਚ ਸੂਰਤ ਵਿੱਚ ਸੂਰੀਆਂ ਆਪਣੇ ਆਪ ਹੇਹੇ ਚ ਆ ਜਾਂਦੀਆਂ ਹਨ । (1-2% ਧਾਤਾਂ ਦਾ ਚੂਰਾ ਜ਼ਰੂਰ ਪਾਓ ।)

2. ਖੁਰਾਕ ਵਿੱਚ ਮਿਲਾਈਆਂ ਚੀਜ਼ਾਂ ਵਰਤਣ ਨਾਲ ਖੁਰਾਕ ਨੂੰ ਉੱਲੀ ਲੱਗ ਜਾਂਦੀ ਹੈ । ਇਸ ਉੱਲੀ ਵਾਲੀ ਖੁਰਾਕ ਵਿੱਚੋਂ (Aflatoxin and myrotoxin) ਬਣਦੇ ਹਨ ਜਿਸ ਕਰਕੇ ਸੂਰੀਆਂ ਹੇਹੇ 'ਚ ਨਹੀਂ ਆਉਂਦੀਆਂ ਸੋ ਸੂਰ ਪਾਲਕ ਵੀਰੋ ਇਸ ਨੂੰ ਵਰਤਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਸਾਫ-ਸੁਥਰੀ ਖੁਰਾਕ ਪਾਉਣੀ ਚਾਹੀਦੀ ਹੈ ।

3. ਕਈਂ ਵਾਰ ਗਰਮੀ ਦੇ ਮੌਸਮ ਵਿੱਚ ਸੂਰੀਆਂ ਦੇ ਦਿਮਾਗ ਚੋਂ FSH ਨਾਂ ਦਾ ਰਸਾਇਣ ਨਹੀਂ ਨਿਕਲਦਾ, ਜਿਸ ਕਾਰਣ ਅੰਡੇਦਾਨੀ ਉੱਤੇ ਅੰਡੇ ਵਿਕਸਿਤ ਨਹੀਂ ਹੁੰਦੇ । ਇਸ ਤੋਂ ਭਾਵ ਇਹ ਹੈ ਕਿ ਸੂਰੀ ਹੇਹੇ ਦੀ ਨਿਸ਼ਾਨੀ ਨਹੀਂ ਦਰਸਾਉਂਦੀ । ਸੋ ਸਾਨੂੰ ਗਰਮੀ ਦੇ ਬੋਝ ਵਾਲੇ ਮੌਸਮ ਵਿੱਚ ਸੂਰੀਆਂ ਨੂੰ ਠੰਡਾ ਵਾਤਾਵਰਣ ਦੇਣਾ ਚਾਹੀਦਾ ਹੈ । ਇਸ ਨਾਲ ਇਸ ਸਮੱਸਿਆ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ ।

4. ਕਈਂ ਵਾਰ ਸੂਰੀ ਸਮਾਜਿਕ ਬੋਝ (Social Stress) ਕਾਰਣ ਵੀ ਹੇਹੇ ਚ ਨਹੀਂ ਆਉਂਦੀ, ਸੋ ਸਾਨੂੰ ਸੂਰੀ ਨੂੰ ਇਸ ਤਣਾਓ ਵਾਲੇ ਬੋਝ ਭਾਵ ਸਮਾਜਿਕ ਬੋਝ ਤੋਂ ਵੀ ਬਚਾਅ ਕੇ ਰੱਖਣਾ ਚਾਹੀਦਾ ਹੈ ਜਿਸ ਕਰਕੇ ਸੂਰੀ ਜਲਦੀ ਤੋਂ ਜਲਦੀ ਹੇਹੇ ਦੀ ਨਿਸ਼ਾਨੀ ਦਰਸਾਵੇ । ਲੜਾਕੂ ਸੂਰੀ ਨੂੰ ਵੱਖ ਕਰਕੇ ਰੱਖਣਾ ਚਾਹੀਦਾ ਹੈ ।

5. ਸੂਰੀ ਕਈਂ ਵਾਰ ਗੁੰਗਾ ਹੇਹਾ ਵੀ ਗਰਮੀ ਵਿੱਚ ਦਿਖਾਉਂਦੀ ਹੈ, ਉਸ ਵੇਲੇ ਖੱਸੀ ਕੀਤੇ ਨਰ ਸੂਰ ਦੀ ਵਰਤੋਂ ਕਰਕੇ ਇਸ ਗੁੰਗੇ ਹੇਹੇ ਵਾਲੀ ਸੂਰੀ ਦੀ ਪਛਾਣ ਕੀਤੀ ਜਾ ਸਕਦੀ ਹੈ ।

6. ਬੱਚੇਦਾਨੀ ਅੰਦਰ ਸੋਜ਼ ਦਾ ਵੀ ਲੋੜੀਂਦਾ ਇਲਾਜ ਕਰਵਾਉਣਾ ਚਾਹੀਦਾ ਹੈ ਤਾਂ ਕਿ ਸੂਰੀ ਸਮੇਂ ਸਿਰ ਆਪ ਹੀ ਹੇਹੇ ਵਿੱਚ ਆ ਜਾਵੇ ।

7. ਜਵਾਨ ਸੂਰੀ ਨੂੰ ਹੇਹੇ 'ਚ ਲਿਆਉਣ ਲਈ ਨਰ ਸੂਰ ਦਾ ਵੀ ਸਹਾਰਾ ਲਿਆ ਜਾ ਸਕਦਾ ਹੈ । ਇਸ ਵਿੱਚ ਜਵਾਨ ਸੂਰੀ ਨੂੰ ਹਰ ਰੋਜ਼ 10-15 ਮਿੰਟ ਲਈ ਨਰ ਸੂਰ ਕੋਲ ਛੱਡਿਆ ਜਾ ਸਕਦਾ ਹੈ । ਜਿਸ ਕਾਰਨ ਸੂਰੀ ਜਲਦੀ ਹੇਹੇ ਵਿੱਚ ਆਉਂਦੀ ਹੈ ਅਤੇ ਹੇਹੇ ਦੀ ਤੀਬਰਤਾ ਵੀ ਕਾਫੀ ਵੱਧ ਜਾਂਦੀ ਹੈ ।

8. ਸੂਰੀਆਂ ਨੂੰ ਸਮੇਂ ਸਮੇਂ ਸਿਰ ਮਲੱਪਾਂ ਦੀ ਦਵਾਈ ਵੀ ਦੇਣੀ ਚਾਹੀਦੀ ਹੈ ।

9. ਘਾਤਕ ਬਿਮਾਰੀਆਂ ਖਿਲਾਫ ਵੀ ਟੀਕਾ ਕਰਨ ਵੀ ਸਮੇਂ ਸਮੇਂ ਸਿਰ ਕਰਵਾਉਣਾ ਚਾਹੀਦਾ ਹੈ ।

**ਵਾਰ ਵਾਰ ਫਿਰਨਾ ਜਾਂ ਫਿਰ ਗੱਭਣ ਨਾ ਰਹਿਣਾ** :

ਇਸ ਸਮੱਸਿਆ ਦਾ ਕਾਰਣ ਹਨ :

1. ਬੱਚੇਦਾਨੀ ਵਿੱਚ ਲਾਗ ।

2. ਅੰਡੇਦਾਨੀ ਵਿੱਚੋਂ ਅੰਡੇ ਦਾ ਸਮੇਂ ਸਿਰ ਨਹੀਂ ਨਿਕਲਣਾ ।

3. ਅੰਡੇਦਾਨੀ ਉੱਪਰ ਵੱਡੇ ਛਾਲੇ ਦਾ ਹੋਣਾ ।

4. ਮਾੜੀ ਖੁਰਾਕ ।

5. ਗਰਮੀ ਦਾ ਬੋਝ ।

6. ਮੋਟੇ ਹੋਏ ਸਾਨੂ ਪਾਸੋਂ ਮਿਲਾਪ ਕਰਵਾਉਣਾ ।

**ਹੱਲ** : 1. ਡਾਕਟਰੀ ਸਹਾਇਤਾ ਨਾਲ ਸੂਰੀ ਨੂੰ ਰਸਾਇਣ ਦੇ ਟੀਕੇ ਲੱਗਾ ਕੇ ਵਾਰ-ਵਾਰ ਫਿਰਣ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ ।

2. ਜੇਕਰ ਕਈਂ ਵਾਰ ਸੂਰੀਆਂ ਨੂੰ ਆਸ ਕਰਵਾਉਣ ਤੋਂ 21 ਦਿਨਾਂ ਬਾਅਦ ਦੁਬਾਰਾ ਹੇਹੇ ਦੀਆਂ ਨਿਸ਼ਾਨੀਆਂ ਦਰਸਾਵੇ ਤਾਂ ਸਾਨੂ ਸੂਰ ਦੀ ਵੀ ਬਦਲੀ ਕਰ ਦੇਣੀ ਚਾਹੀਦੀ ਹੈ । ਕਿਉਂਕਿ ਸਾਨੂ ਸੂਰ ਨੂੰ ਮਿਲਾਪ ਲਈ ਜ਼ਿਆਦਾ ਵਰਤਣ ਨਾਲ ਉਹਦੇ ਗੱਭਣ ਕਰਨ ਦੀ ਸ਼ਕਤੀ ਜਾਂ ਫਿਰ ਸ਼ੁਕਰਾਣੂ ਦੀ ਮਾਤਰਾ ਵੀ ਘੱਟ ਜਾਂਦੀ ਹੈ ।

3. ਮੋਟੇ ਹੋਏ ਸਾਨੂ ਸੂਰ ਪਾਸੋਂ ਆਸ ਕਰਵਾਉਣ ਨਾਲ ਵੀ ਸੂਰੀਆਂ ਘੱਟ ਗੱਭਣ ਹੁੰਦੀਆਂ ਹਨ । ਸੋ ਇਸ ਲਈ ਆਪਾਂ ਨੂੰ ਸਾਨੂ ਸੂਰ ਦੀ ਰੋਜ਼ਾਨਾ ਕਸਰਤ ਦੇ ਨਾਲ-ਨਾਲ ਸੰਤੁਲਿਤ ਖੁਰਾਕ ਵੀ ਦੇਣੀ ਚਾਹੀਦੀ ਹੈ ।

4. ਉੱਲੀ ਵਾਲੀ ਖੁਰਾਕ ਪਾਉਣ ਨਾਲ ਵੀ ਸੂਰੀਆਂ ਗੱਭਣ ਨਹੀਂ ਹੁੰਦੀਆਂ ਸੋ ਆਪਾਂ ਨੂੰ ਸੰਤੁਲਿਤ ਅਤੇ ਸਾਫ ਸੁਥਰੀ ਖੁਰਾਕ ਪਾਉਣੀ ਚਾਹੀਦੀ ਹੈ । ਉੱਲੀ ਯੁਕਤ ਖੁਰਾਕ ਪਾਉਣ ਨਾਲ ਜ਼ਹਿਰਵਾਦ ਵੀ ਕਾਰਨ ਬਣ ਸਕਦਾ ਹੈ ।



**ਮਰੇ ਹੋਏ ਜਾਂ ਸੁੱਕੇ ਹੋਏ ਬੱਚੇ ਦਾ ਪੈਦਾ ਹੋਣਾ** : 1. ਮਰੇ ਹੋਏ ਬੱਚੇ ਦੇ ਪੈਦਾ ਹੋਣ ਨੂੰ ਡਾਕਟਰੀ ਭਾਸ਼ਾ 'ਚ (Still born) ਕਹਿੰਦੇ ਹਨ । ਇਹ ਉਦੋਂ ਹੁੰਦਾ ਹੈ, ਜਦੋਂ ਗਰਮੀਂ ਦੇ ਮੌਸਮ ਦੌਰਾਨ ਗੱਭਣ ਸੂਰੀ ਉੱਤੇ ਬੋਝ ਜ਼ਿਆਦਾ ਵੱਧ ਜਾਂਦਾ ਹੈ ਜਾਂ ਫਿਰ ਰਿਸ਼ਤੇਦਾਰੀ 'ਚ ਮਿਲਾਪ ਕਰਵਾਉਣ ਨਾਲ ਵੀ ਬੱਚਿਆਂ ਦੀ ਜ਼ਿੰਦਾ ਰਹਿਣ ਦੀ ਦਰ ਕਾਫੀ ਘੱਟ ਜਾਂਦੀ ਹੈ । ਜੇਕਰ ਬੱਚਿਆਂ ਦੀ ਗਿਣਤੀ ਬੱਚੇਦਾਨੀ ਵਿੱਚ 18 ਤੋਂ ਉੱਤੇ ਹੋ ਜਾਵੇ ਤਾਂ ਵੀ ਜ਼ਿੰਦਾ ਰਹਿਣ ਦੀ ਦਰ ਘੱਟ ਜਾਂਦੀ ਹੈ ਅਤੇ ਮਰੇ ਹੋਏ ਬੱਚੇ ਪੈਦਾ ਹੁੰਦੇ ਹਨ । ਇਹ Pseudo rabies ਕਰਕੇ ਜਾਂ ਫਿਰ Carnomonoxide ਦੀ ਟੌਕਸਿਟੀ ਨਾਲ ਵੀ ਹੋ ਸਕਦੇ ਹਨ ।

2. ਹੁਣ ਜੇਕਰ ਆਪਾਂ ਸੁੱਕੇ ਹੋਏ ਬੱਚਿਆਂ ਦੀ ਗੱਲ ਕਰੀਏ ਤਾਂ ਉਸ ਨੂੰ munni field foetus ਕਹਿੰਦੇ ਹਾਂ । ਇਹ ਬੱਚੇ ਅਨੇਕਾਂ ਬਿਮਾਰੀਆਂ ਕਰਕੇ ਹੁੰਦੇ ਹਨ, ਜਿਵੇਂ ਪਾਰਵੋ, ਲੈਪਟੋਸਪਾਈਰਿਸਿਸ ਆਦਿ ਬਿਮਾਰੀਆਂ ਨਾਲ ਹੁੰਦੇ ਹਨ । ਜਿਸ ਵਿੱਚ ਬੱਚੇ ਬੱਚੇਦਾਨੀ ਅੰਦਰ ਅਕਸਰ ਸੁੱਕ ਜਾਂਦੇ ਹਨ ਅਤੇ ਸੂਣ ਮੌਕੇ ਮਰੇ ਹੋਏ ਬੱਚੇ ਹੀ ਪੈਦਾ ਹੁੰਦੇ ਹਨ ।

3. Parvo virus ਨਾਮ ਦਾ ਵਿਸ਼ਾਣੂ ਅਕਸਰ ਗਰਭ ਦੇ ਪਹਿਲੇ 70 ਦਿਨਾਂ ਵਿੱਚ ਬੱਚੇਦਾਨੀ 'ਚ ਪਏ ਬੱਚੇ ਉੱਪਰ ਅਸਰ ਕਰਦਾ ਹੈ । ਇਹ ਵਾਇਰਸ ਹੌਲੀ ਹੌਲੀ ਇੱਕ ਬੱਚੇ ਤੋਂ ਦੂਜੇ ਬੱਚੇ ਤੱਕ ਫੈਲਦਾ ਹੈ । ਜਦੋਂ ਬੱਚੇ ਮਰੇ ਪੈਦਾ ਹੋਣ ਉਸ ਵੇਲੇ ਬੱਚਿਆਂ ਦੇ ਆਕਾਰ ਚ ਫਰਕ ਹੁੰਦਾ ਹੈ । ਇਹ ਬੱਚੇ ਦੇ ਸੈਂਪਲ ਤੁਸੀਂ ਵੈਟਰਨੇਰੀ ਯੂਨੀਵਰਸਿਟੀ ਵਿੱਚ ਲਿਆ ਕੇ ਤੁਸੀਂ ਲੈਬੋਰੇਟਰੀ ਜਾਂਚ ਕਰਵਾ ਸਕਦੇ ਹੋ ਤਾਂ ਕਿ ਸਮੇਂ ਸਿਰ ਇਲਾਜ ਤੇ ਸਾਵਧਾਨੀ ਵਰਤੀ ਜਾ ਸਕੇ ।

**ਸੂਣ ਸਮੇਂ ਦੌਰਾਨ ਘੱਟ ਬੱਚੇ ਪੈਦਾ ਹੋਣਾ** : ਜਵਾਨ ਸੂਰ ਅਤੇ ਗਿਲਟ ਦਾ ਹਮੇਸ਼ਾਂ ਚੰਗੇਵੇਂ ਤਰੀਕੇ ਨਾਲ ਹੀ ਉਹਨਾਂ ਨੂੰ ਨਸਲਕਸ਼ੀ ਲਈ ਚੁਣਨਾ ਚਾਹੀਦਾ ਹੈ ਅਤੇ ਪੂਰਾ ਵਿਸਥਾਰ ਪੂਰਵਕ ਮੁਆਇਨਾ ਕਰਨਾ ਚਾਹੀਦਾ ਹੈ । ਕਿਉਂਕਿ ਜੱਦੀ ਮੁਸ਼ਕਿਲਾਂ, ਪ੍ਰਜਣਨ ਅੰਗਾਂ ਦੀਆਂ ਬਿਮਾਰੀਆਂ ਕਾਰਣ ਸੂਣ ਸਮੇਂ ਘੱਟ ਬੱਚੇ ਪੈਦਾ ਹੁੰਦੇ ਹਨ । ਗਰਮੀ ਦੇ ਬੋਝ ਕਾਰਣ ਅੰਡੇਦਾਨੀ ਉੱਤੇ ਘੱਟ ਅੰਡੇ ਬਣਦੇ ਹਨ ।

4. ਗਰਮੀ ਦੇ ਇਸ ਬੋਝ ਤੋਂ ਬਚਾਉਣ ਲਈ ਸੂਰ ਅਤੇ ਸੂਰੀ ਨੂੰ ਠੰਡਾ ਵਾਤਾਵਰਣ ਮਾਹੌਲ ਪ੍ਰਦਾਨ ਕਰਨਾ ਚਾਹੀਦਾ ਹੈ ਤਾਂ ਕਿ ਸੂਣ ਮੌਕੇ ਬੱਚਿਆਂ ਦੀ ਗਿਣਤੀ ਵੱਧ ਹੋਵੇ ਅਤੇ ਇਸ ਧੰਦੇ ਵਿੱਚ ਨਫਾ ਵਧ ਹੋਵੇ ।

5. ਹਰ ਸੂਰ ਨੂੰ ਲੋੜ ਨਾਲੋਂ ਵੱਧ ਵਰਤਣ ਨਾਲ ਵੀ ਸ਼ੁਕਰਾਣੂ ਦੀ ਮਾਤਰਾ ਘੱਟ ਜਾਂਦੀ ਹੈ ਅਤੇ ਇਸ ਦਾ ਅਸਰ ਬੱਚਿਆਂ ਦੀ ਦਰ ਤੇ ਪੈਂਦਾ ਹੈ ਅਤੇ ਨਾਲ ਕਈਂ ਵਾਰ ਗੱਭਣ ਦਰ ਤੇ ਵੀ ਉਸਦਾ ਅਸਰ ਪੈਂਦਾ ਹੈ ।

**ਤੂਅ ਜਾਣਾ : (Abortion)**

1. ਆਮ ਤੌਰ ਤੇ ਫਾਰਮ ਦੇ ਉੱਪਰ 1-2% ਤੂਅ ਜਾਣ ਦੀ ਦਰ ਹੁੰਦੀ ਹੈ । ਪਰ ਜੇਕਰ ਉਹ ਦਰ ਵੱਧ ਜਾਵੇ ਤਾਂ ਇਸ ਧੰਦੇ ਲਈ ਜਾਂ ਸੂਰ ਪਾਲਕ ਲਈ ਘਾਟੇ ਦਾ ਸੌਦਾ ਬਣ ਜਾਂਦੀ ਹੈ । ਇਹ ਤੂਅ ਜਾਣ ਦੀ ਸਮੱਸਿਆ ਜਿਵੇਂ ਕਿ Pseudo rabies, ਈ. ਕੋਲਾਈ ਆਦਿ ਵਰਗੇ ਮਾਈਕਰੋ ਆਰਗੇਨਿਜ਼ਮ ਕਰਕੇ ਹੁੰਦੀ ਹੈ । ਜੋ ਕਿ ਸਰੀਰਕ ਬੁਖਾਰ ਦੇ ਨਾਲ ਨਾਲ ਤੂਅ ਜਾਣ ਦੀ ਸਮੱਸਿਆ ਕਰਦੇ ਹਨ । ਲੈਪਟੋਸਪਾਇਰੋਸਿਸ ਅਤੇ ਬਰੂਸੇਲੋਸਿਸ ਵਰਗੀਆਂ ਬਿਮਾਰੀਆਂ ਮੁੱਖ ਤੌਰ ਤੇ ਤੂਅ ਜਾਣ ਕਾਰਣ ਹੁੰਦੀਆਂ ਹਨ ।

2. ਕਈ ਜ਼ਹਿਰੀਲੇ ਪਦਾਰਥ ਜਿਵੇਂ ਕਿ carbonmonoxide ਉੱਲੀ ਲੱਗੀ ਹੋਈ ਖੁਰਾਕ ਤੋਂ ਵੀ ਬਣਦੇ ਹਨ ਜੋ ਕਿ ਤੂਅ ਜਾਣ ਦੀ ਸਮੱਸਿਆ ਕਰਦੇ ਹਨ ।

**ਮਿਲਾਪ ਦੌਰਾਨ ਖੂਨ ਆਉਣਾ** : ਕਈਂ ਵਾਰ ਨਰ ਸੂਰ ਵਿੱਚ ਮਿਲਾਪ ਦੌਰਾਨ ਖੂਨ ਆਉਂਦਾ ਹੈ ਜੋ ਕਿ ਗੱਭ ਵਿੱਚ ਬੱਚਿਆਂ ਦੀ ਦਰ ਨੂੰ ਘਟਾਉਂਦਾ ਹੈ । ਇਸ ਲਈ ਨਰ ਸੂਰ ਦੇ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਉਸ ਨੂੰ ਘੱਟੋ ਘੱਟ ਦੋ ਹਫਤੇ ਦਾ ਆਰਾਮ ਦੇਣਾ ਚਾਹੀਦਾ ਹੈ ਤਾਂ ਜੋ ਜ਼ਖਮ ਚੰਗੀ ਤਰ੍ਹਾ ਸੁੱਕ ਜਾਵੇ । ਮਿਲਾਪ ਦੌਰਾਨ ਖੂਨ ਆਉਣ ਕਾਰਣ ਕਈਂ ਵਾਰ ਸੂਰੀ ਵਾਰ ਵਾਰ ਫਿਰ ਵੀ ਜਾਂਦੀ ਹੈ ।

**ਮਿਲਾਪ ਦੌਰਾਨ ਅਸਫਲਤਾ** :

1. ਕਈਂ ਵਾਰ ਨਰ ਸੂਰ ਵਧੇਰੇ ਵਰਤੋਂ ਨਾਲ, ਜਵਾਨ ਉਮਰ ਚ (8 ਮਹੀਨੇ ਤੋਂ ਪਹਿਲਾਂ) ਵਰਤਣ ਨਾਲ, ਘੱਟ ਜਨਣ ਅਨੁਭਵ ਕਾਰਣ ਕਰਕੇ ਵੀ ਉਹ ਮਿਲਾਪ ਦੀ ਸਥਿਤੀ 'ਚ ਨਹੀਂ ਆਉਂਦੇ ਅਤੇ ਮਿਲਾਪ ਨਹੀਂ ਕਰਦੇ । ਸੋ ਸੂਰ ਪਾਲਕ ਵੀਰੋ ਨਰ ਜਵਾਨ ਸੂਰ ਨੂੰ ਹਮੇਸ਼ਾਂ 8 ਮਹੀਨੇ ਤੋਂ ਬਾਅਦ ਹੀ ਮਿਲਾਪ ਲਈ ਵਰਤਣਾ ਚਾਹੀਦਾ ਹੈ ਅਤੇ ਚੁਣਨ ਦੌਰਾਨ ਪੂਰੀ ਜਾਂਚ ਕਰਨੀ ਚਾਹੀਦੀ ਹੈ ਤਾਂ ਹੀ ਉਸ ਨੂੰ ਸਮੇਂ ਸਿਰ ਵਰਤਿਆ ਜਾ ਸਕੇ । ਰਿਸ਼ਤੇਦਾਰੀ ਵਿੱਚ ਮਿਲਾਪ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਜੇਕਰ ਰਿਸ਼ਤੇਦਾਰੀ ਵਿੱਚ ਮਿਲਾਪ ਕਰੋਗੇ ਤਾਂ ਉਸ ਦਾ ਅਸਰ ਕਈਂ ਸਾਲਾਂ ਬਾਅਦ ਪਤਾ ਲੱਗਦਾ ਹੈ ।

2. ਲੋੜ ਨਾਲੋਂ ਵੱਧ ਵਰਤਣ ਨਾਲ ਵੀ ਸੂਰ ਤੇ ਵੀ ਅਸਰ ਪੈਂਦਾ ਹੈ । ਜਿਸ ਨਾਲ ਉਸ ਦੀ ਮਿਲਾਪ ਕਰਨ ਦੀ ਤੀਬਰਤਾ ਤੇ ਅਸਰ ਪੈਂਦਾ ਹੈ ਅਤੇ ਸ਼ੁਕਰਾਣੂਆਂ ਦੀ ਮਾਤਰਾ ਘੱਟ ਜਾਂਦੀ ਹੈ । ਵੱਧ ਉਮਰ ਹੋਣ ਨਾਲ ਵੀ ਨਰ ਸੂਰ ਦੀ ਤੀਬਰਤਾ ਘੱਟਦੀ ਹੈ । ਪੈਰਾਂ ਵਿੱਚ ਸੱਟ ਜਾਂ ਜ਼ਖਮ ਵੀ ਮਿਲਾਪ ਦੀ ਅਸਫਲਤਾ ਦਾ ਕਾਰਨ ਬਣਦੇ ਹਨ ।

3. ਕਈਂ ਵਾਰ ਸੂਰੀ ਵੀ ਜਵਾਨ ਨਰ ਸੂਰ ਨੂੰ ਮਿਲਾਪ ਨਹੀਂ ਕਰਨ ਦਿੰਦੀ । ਉਸ ਵੇਲੇ ਨਰ ਸੂਰ ਬਦਲ ਦੇਣਾ ਚਾਹੀਦਾ ਹੈ ।

4. ਜਿਹੜੀ ਜਵਾਨ ਸੂਰੀ (8 ਮਹੀਨੇ) ਦੀ ਉਮਰ ਵਿੱਚ ਨਰ ਸੂਰ ਨੂੰ ਮਿਲਾਪ ਨਾ ਕਰਨ ਦੇਵੇ ਤਾਂ ਉਸਨੂੰ ਨਸਲਕਸ਼ੀ ਲਈ ਨਹੀਂ ਵਰਤਣਾ ਚਾਹੀਦਾ ਭਾਵ ਉਸ ਨੂੰ ਮੀਟ ਉਤਪਾਦਨ ਲਈ ਵਰਤ ਲੈਣਾ ਚਾਹੀਦਾ ਹੈ ।

ਸੋ ਪਸ਼ੂ ਪਾਲਕ ਵੀਰੋ ਅਸੀਂ ਆਸ ਕਰਦੇ ਹਾਂ ਕਿ ਉੱਪਰ ਲਿਖੇ ਲੇਖ ਵਿੱਚ ਗੱਲਾਂ ਵੱਲ ਤੁਸੀਂ ਗੌਰ ਕਰੋਗੇ ਅਤੇ ਸਹੀ ਸਮੇਂ ਸਿਰ ਡਾਕਟਰੀ ਇਲਾਜ ਕਰਵਾਓਗੇ ਤਾਂ ਕਿ ਇਹ ਸੂਰ ਪਾਲਣ ਦੇ ਧੰਦੇ ਤੋਂ ਵਧੇਰੇ ਮੁਨਾਫਾ ਲੈ ਸਕੀਏ । ਜੇਕਰ ਫਿਰ ਵੀ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਆਵੇ ਤਾਂ ਤੁਸੀਂ ਯੂਨੀਵਰਸਿਟੀ ਦੇ ਹੈਲਪ ਲਾਈਨ ਨੰਬਰ 0161-2414005, 0161-2414026 ਅਤੇ ਵੀ ਸੰਪਰਕ ਕਰ ਸਕਦੇ ਹੋ ਅਤੇ ਲੈਬੋਰੇਟਰੀ ਜਾਂਚ ਲਈ ਤੁਸੀਂ ਵੈਟਨਰੀ ਯੂਨੀਵਰਸਿਟੀ ਲੁਧਿਆਣਾ ਵਿਖੇ ਜਾਂਚ ਕਰਵਾ ਸਕਦੇ ਹੋ ।



# ਖ਼ਬਰਦਾਰ ! ਵਿਗੜ ਰਿਹਾ ਹੈ ਮੌਸਮ ਦਾ ਮਿਜਾਜ਼

ਵਿਜੈ ਬੰਬੇਲੀ
ਮੋ. 94634-39075

ਸਾਡੇ ਗ੍ਰਹਿ ਤੋਂ ਬਿਨਾਂ ਸੂਰਜ ਮੰਡਲ ਦੇ ਜ਼ਿਆਦਾਤਰ ਗ੍ਰਹਿ ਜਾਂ ਤਾਂ ਯਖ ਠੰਢੇ ਹਨ ਜਾਂ ਬਹੁਤ ਜ਼ਿਆਦਾ ਤੱਤੇ । ਸਿੱਟੇ ਵਜੋਂ, ਧਰਤੀ ਤੋਂ ਇਲਾਵਾ ਹੋਰ ਕਿਸੇ ਗ੍ਰਹਿ 'ਤੇ ਜ਼ਿੰਦਗੀ ਨਹੀਂ ਧੜਕਦੀ, ਬ੍ਰਿਛ ਨਹੀਂ ਮੌਲਦੇ । ਵਜਾਹ ਹੈ, ਉਹ ਸਾਵਾਂ ਤਾਪਮਾਨ ਹੈ, ਜਿਹੜਾ ਸੰਤੁਲਤ ਜੀਵਨ ਉਤਪਤੀ ਲਈ ਜ਼ਰੂਰੀ ਹੈ । ਅੱਡ-ਅੱਡ ਖ਼ਿੱਤਿਆਂ ਦੇ ਭੂ-ਪ੍ਰਸਥਿਤੀ ਅਤੇ ਤਾਪਮਾਨ ਨੇ, ਹਰ ਖ਼ਿੱਤਾ ਵਿਸ਼ੇਸ਼ ਨੂੰ, ਭਿੰਨ-ਭਿੰਨ ਰੁੱਤਾਂ ਦੀ ਨਿਆਮਤ ਬਖ਼ਸ਼ੀ ਹੈ । ਭਾਰਤੀ ਖ਼ਿੱਤੇ ਵਿਚ ਪੰਜ ਰੁੱਤਾਂ ਹਨ । ਕੁਦਰਤ ਨੇ ਇਹਨਾਂ ਰੁੱਤਾਂ ਵਿਸ਼ੇਸ਼ ਦੀ ਬਦੌਲਤ ਸਾਨੂੰ ਢੇਰ ਨਿਆਮਤਾਂ ਵੀ ਬਖਸ਼ੀਆਂ ਹਨ । ਪਰ ਕੀ ਇਹ ਸਾਰਾ ਕੁਝ ਹਮੇਸ਼ਾ ਸੁਰੱਖਿਅਤ ਰਹੇਗਾ ? ਇਹ ਸਵਾਲ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ, ਮਨੁੱਖੀ ਹਰਕਤਾਂ ਕਾਰਨ, ਬੀਤੇ ਵਰ੍ਹਿਆਂ ਤੋਂ ਕੁਦਰਤੀ ਸੰਤੁਲਨ ਅਤੇ ਰੁੱਤਾਂ ਬੁਰੀ ਤਰ੍ਹਾਂ ਗੜਬੜਾ ਰਹੀਆਂ ਹਨ ।

'ਇੰਟਰਨੈਸ਼ਨਲ ਪੁਲੀਟੀਕਲ ਇਕਾਨਮੀ ਗਲੋਬਲ (ਆਈ. ਪੀ. ਈ.) ਅਤੇ ਇੰਸਟੀਚਿਊਟ ਆਫ ਸਕਰੈਪ ਰੀਸਾਈਕਲਿੰਗ ਆਫ ਇੰਡੀਆ (ਇਸਰੀ ਇੰਡੀਆ)' ਦੇ ਅਧਿਐਨਾਂ 'ਚ ਪਾਇਆ ਗਿਆ ਹੈ ਕਿ ਭਾਰਤ ਦੇ 45 ਫੀਸਦੀ ਜ਼ਿਲ੍ਹੇ ਮੌਸਮੀ ਤਬਦੀਲੀ ਦੇ ਰੁਝਾਨਾਂ ਦਾ ਸਾਹਮਣਾ ਕਰ ਰਹੇ ਹਨ, 85 ਫੀਸਦੀ ਤੋਂ ਵੱਧ ਜ਼ਿਲ੍ਹੇ ਵੱਡੇ ਜਲਵਾਯੂ ਵਰਤਾਰਿਆਂ ਦੇ ਉਲਟ ਪ੍ਰਭਾਵ ਹੇਠ ਹਨ । ਸਿੱਟੇ ਵਜੋਂ ਹੜ੍ਹਾਂ ਜਾਂ ਸੋਕਿਆਂ ਦੀਆਂ ਗੰਭੀਰ ਅਲਾਮਤਾਂ ਸਾਹਮਣੇ ਆ ਰਹੀਆਂ ਹਨ । ਦੱਸਿਆ ਗਿਆ ਹੈ, 'ਬੀਤੇ ਇਕ ਦਹਾਕੇ ਵਿਚ ਹੀ ਇਸ ਸਾਰੇ ਵਿਚ ਪੰਜ ਗੁਣਾਂ ਵਾਧਾ ਹੋਇਆ ਹੈ ।' ਗਲੋਬਲ ਮੁਖੀ ਅਬਿਨਾਸ਼ ਮੋਹੰਤੀ ਨੇ ਚਿਤਾਵਨੀ ਦਿੱਤੀ ਹੈ, 'ਜੇ ਉਲਾਰ ਜੀਵਨ ਜਾਚ ਅਤੇ ਅਖੌਤੀ ਵਿਕਾਸ ਦੀ ਡਗਰ ਨਾ ਬਦਲੀ ਗਈ ਤਾਂ ਨੇੜ ਭਵਿੱਖ ਵਿਚ, ਕਰੀਬ 2036 ਤਾਈਂ, 10 ਮਗਰ 8 ਭਾਰਤੀਆਂ ਨੂੰ ਭਿਆਨਕ ਜਲਵਾਯੂ ਘਟਨਾਵਾਂ ਦਾ ਸਾਹਮਣਾ ਕਰਨਾ ਪਵੇਗਾ ।'

ਬੀਤੇ ਦਿਨੀਂ ਕੇਰਲਾ ਵਿਚ ਅਣਸਾਵੇਂ ਮੀਂਹ ਅਤੇ ਗੁਜਰਾਤ ਵਿਚ ਭਿਆਨਕ ਹੜ੍ਹ ਹਿਮਾਲਿਆ ਦੀ ਓਮ ਪਰਬਤ ਦੀ ਬਰਫ ਚਾਦਰ ਦਾ ਗਾਇਬ ਹੋ ਜਾਣਾ ਅਤੇ ਹਿਮਾਚਲ ਤੇ ਉੱਤਰਾਖੰਡ ਵਿਚ ਪਰਬਤਾਂ ਦਾ ਢਹਿਢੇਰੀ ਹੋਈ ਜਾਣਾ, ਕੁਦਰਤ ਵੱਲੋਂ ਮਨੁੱਖੀ ਨੂੰ ਸੰਭਲ ਜਾਣ ਦੀ ਚਿਤਾਵਨੀ ਹੈ, 'ਖ਼ਬਰਦਾਰ । ਤੁਹਾਡੀਆਂ ਕਰਤੂਤਾਂ ਕਾਰਨ, ਮੌਸਮ ਦਾ ਮਿਜਾਜ਼ ਵਿਗੜ ਰਿਹਾ ਹੈ ।' ਇਹੀ ਨਹੀਂ ਆਈ.ਪੀ.ਈ. ਗਲੋਬਲ ਦੇ ਬਾਨੀ ਅਸ਼ਵਜੀਤ ਸਿੰਘ ਨੇ ਪ੍ਰਤੀਬੇਨਤੀ ਕੀਤੀ ਸੀ, 'ਸਾਵੇਂ ਜਲਵਾਯੂ ਟੀਚਿਆਂ ਨੂੰ ਪੂਰਾ ਕਰਨ ਲਈ ਭਾਰਤ ਨੂੰ ਇਸ ਪ੍ਰਤੀ ਆਪਣੇ ਬਜਟ ਫੋਕਸ ਨੂੰ ਘਟਾਉਣ ਦੀ ਬਜਾਏ ਹੋਰ ਅਨੁਕੂਲਤਾ ਦਾ ਰੁਖ ਕਰਨਾ ਚਾਹੀਦਾ ਹੈ ।' ਪਰ; ਕੀ ਹਾਕਮ ਜਮਾਤਾਂ ਅਜਿਹਾ ਕਰਨਗੀਆਂ ? ਨਿਰਸੰਦੇਹ, ਓਨਾਂ ਚਿਰ ਨਹੀਂ, ਜਦ ਤੱਕ ਕੁਦਰਤ-ਮੇਚਵੇਂ ਅਤੇ ਲੋਕ ਪੱਖੀ ਨਿਜ਼ਾਮ ਦੀ ਸਿਰਜਣਾ ਨਹੀਂ ਹੁੰਦੀ ।

ਅੰਤਰ-ਰਾਸ਼ਟਰੀ ਵਿਗਿਆਨਕ ਭਾਈਚਾਰੇ ਅਨੁਸਾਰ, ਇਸ ਸਮੇਂ ਦੁਨੀਆ ਨੂੰ ਜੋ ਸਭ ਤੋਂ ਵੱਡਾ ਖਤਰਾ ਹੈ, ਉਹ ਹੈ ਆਲਮੀ-ਤਪਸ਼ ਅਰਥਾਤ ਗਲੋਬਲ-ਵਾਰਮਿੰਗ । ਇਸ ਦੀ 'ਬਦੌਲਤ' ਹੀ ਦੁਨੀਆਂ ਨੂੰ ਹੜ੍ਹ, ਸੋਕਾ, ਸਮੁੰਦਰੀ ਤੂਫਾਨ, ਭੁੱਖਮਰੀ ਅਤੇ ਨਵੀਆਂ-ਨਿਵੇਕਲੀਆਂ ਬਿਮਾਰੀਆਂ ਅਤੇ ਇਹਨਾਂ ਨਾਲ ਜੁੜੀਆਂ ਅਲਾਮਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । 'ਸੰਸਾਰ ਮੌਸਮ ਜਥੇਬੰਦੀ' (ਵਰਲਡ ਮੈਟੋਲਾਜੀਕਲ ਆਰਗੇਨਾਈਜੇਸ਼ਨ), ਸੰਯੁਕਤ ਰਾਸ਼ਟਰ ਸੰਘ ਦੀ ਇਕ ਇਕਾਈ, ਨੇ ਕਰੀਬ ਦਸ ਸਦੀਆਂ ਦੇ ਅੰਕੜਿਆਂ ਦੇ ਤੁਲਨਾਤਮਿਕ ਅਧਿਐਨ ਉਪਰੰਤ ਕਿਹਾ, 'ਤਾਪਮਾਨ ਵਿਚ ਵਾਧੇ ਦੇ ਇਸ ਸਿਲਸਿਲੇ ਨੇ ਬੀਤੇ ਸਮੇਂ 'ਚ ਉਦੋਂ ਤੋਂ ਜ਼ਿਆਦਾ ਜ਼ੋਰ ਫੜਿਆ, ਜਦੋਂ ਪੂਰੀ ਦੁਨੀਆਂ ਵਿਚ ਉਦਯੋਗਿਕ ਗਤੀਵਿਧੀਆਂ ਅਤੇ ਖਣਿਜ ਤੇਲਾਂ ਦੀ ਵਰਤੋਂ ਵਿਚ ਬੇਤਹਾਸ਼ਾ ਵਾਧਾ ਹੋਇਆ ।' ਉਸ ਚਿਤਾਵਨੀ ਦਿੱਤੀ, 'ਗਰਮ ਹੋ ਰਹੀ ਧਰਤੀ ਇਕ ਖਤਰਨਾਕ ਨਤੀਜੇ, ਜਾਣੀ ਮੌਸਮੀ ਵਿਗਾੜਾਂ, ਵੱਲ ਵਧ ਰਹੀ ਹੈ ।'

ਕੋਈ ਇਕ ਵਜਾਹ ਇਸ ਤਬਦੀਲੀ ਦਾ ਕਾਰਨ ਨਹੀਂ ਹੈ । ਏਅਰ ਕੰਡੀਸ਼ਨਰਾਂ, ਰੈਫਰੀਜ਼ੀਰੇਟਰਾਂ ਅਤੇ ਫੋਮ ਉਦਯੋਗਾਂ ਤੋਂ ਨਿਕਲਣ ਵਾਲੀਆਂ ਕਲੋਰੋ-ਫਲੋਰੋ ਕਾਰਬਨ ਗੈਸਾਂ, ਬਨਾਵਟੀ ਖਾਦਾਂ, ਕੀਟਨਾਸ਼ਕ-ਨਦੀਨਨਾਸ਼ਕ ਦਵਾਈਆਂ, ਵਾਹਨਾਂ ਦਾ ਧੂੰਆਂ, ਜੰਗਲਾਂ ਦੀ ਅੱਗ, ਧੂੰਆਂ-ਰਾਲੀ, ਉਦਯੋਗਿਕ ਤੇ ਰਸਾਇਣਕ ਗਤੀ ਵਿਧੀਆਂ, ਪ੍ਰਮਾਣੂ ਤੇ ਪੁਲਾੜ ਖੋਜਾਂ, ਪੈਟਰੋ-ਕੈਮੀਕਲ ਦੀ ਅੰਨ੍ਹੇਵਾਹ ਵਰਤੋਂ ਅਤੇ ਮਾਰੂ ਹਥਿਆਰਾਂ ਦਾ ਰੁਝਾਨ ਅਤੇ ਸ਼ੋਰ ਪ੍ਰਦੂਸ਼ਣ ਆਦਿ ਦੀ, ਕਿਸੇ ਨਾ ਕਿਸੇ ਰੂਪ ਵਿਚ ਵਾਤਾਵਰਨ ਅੰਦਰ ਘੁਸਪੈਠ ਹੋ ਰਹੀ ਹੈ । ਪੈਰਾਬੈਂਗਣੀ ਕਿਰਨਾਂ ਤੋਂ ਧਰਤੀ ਨੂੰ ਬਚਾਉਣ ਵਾਲੀ ਓਜ਼ੋਨ ਪਰਤ ਵਿਚਲੇ ਛੇਕ ਸਮੇਤ, ਧਰਤੀ ਦੇ ਰੇਗਿਸਤਾਨੀਕਰਨ ਲਈ ਵੀ ਇਹੋ ਕਾਰਕ ਜ਼ਿੰਮੇਵਾਰ ਹਨ । ਸਿੱਟੇ ਵਜੋਂ, ਸਮੁੰਦਰੀ ਉਠਾਅ, ਖਤਰਨਾਕ ਬਿਮਾਰੀਆਂ ਅਤੇ ਮਹਾਂਮਾਰੀਆਂ ਵੀ ਵਧਦੇ ਤਾਪਮਾਨ ਕਾਰਨ ਹੀ ਪੈਰ ਪਸਾਰ ਰਹੀਆਂ ਹਨ । ਧਰਤੀ ਦੀ ਹਰੀ ਪੱਟੀ, ਗਰਮੀ ਸੋਖਣ ਵਾਲੇ ਬਰਫੀਲੇ ਖੰਡ ਅਤੇ ਜਲ ਸੋਮੇ ਘਟਦੇ ਜਾ ਰਹੇ ਹਨ ਜਿਸ ਨਾਲ ਮੌਸਮ ਅਤੇ ਰੁੱਤ ਬਦਲਾਅ ਨੇ ਸਿਫਤੀ ਤਬਦੀਲੀ ਦੀ ਰਾਹ ਫੜ ਲਈ ਹੈ ।

ਇਕ ਖੋਜ ਮੁਤਾਬਿਕ, '2.2 ਤੋਂ 4 ਡਿਗਰੀ ਫਾਰਨਹੀਟ ਨਾਲ ਹੀ 20 ਤੋਂ 30 ਫੀਸਦੀ ਜੀਵ-ਵਿਭਿੰਨਤਾ ਉੱਤੇ ਮਾਰੂ ਅਸਰ ਪੈਦਾ ਹੈ ।' 'ਨੇਚਰ' ਪੱਤਰਿਕਾ ਵਿਚ ਪ੍ਰਕਾਸ਼ਤ, ਜੀਵ ਵਿਗਿਆਨ ਦੇ, ਇਕ ਖੋਜ ਪੱਤਰ ਅਨੁਸਾਰ, 'ਦੁਨੀਆ ਦੇ ਛੇ ਮਹੱਤਵਪੂਰਨ ਖ਼ਿੱਤਿਆਂ ਵਿਚ, ਜੋ ਮੋਟੇ ਤੌਰ 'ਤੇ ਦੁਨੀਆ ਦਾ 20 ਫੀਸਦੀ ਖੇਤਰ ਦਰਸਾਉਂਦੇ ਹਨ, ਵਿਚ ਕਰਵਾਈ ਗਈ ਖੋਜ ਨੇ ਸਾਬਤ ਕੀਤਾ ਹੈ ਕਿ ਗਰੀਨ ਹਾਊਸ ਗੈਸਾਂ ਖਾਸ ਤੌਰ 'ਤੇ ਕਾਰਬਨ ਡਾਇਆਕਸਾਈਡ ਦੇ ਬਹੁਤ ਜ਼ਿਆਦਾ ਉਤਪਾਦਨ ਉਪਰੰਤ ਗਲੋਬਲ ਵਾਰਮਿੰਗ ਕਾਰਨ ਹਜ਼ਾਰਾਂ ਪ੍ਰਜਾਤੀਆਂ ਦੇ ਜੀਵਨ 'ਤੇ ਸੰਕਟ ਦੇ ਬੱਦਲ ਮੰਡਰਾ ਸਕਦੇ ਹਨ ।' ਖੋਜ ਵਿਚ ਪੌਦਿਆਂ, ਥਣਧਾਰੀ ਜੀਵਾਂ, ਚਿੜੀਆਂ, ਰੀਂਘਣ ਵਾਲੇ ਜਾਨਵਰਾਂ, ਡੱਡੂਆਂ, ਤਿਤਲੀਆਂ ਅਤੇ ਦੂਜੀਆਂ ਮਹੱਤਵਪੂਰਨ ਜੀਵ ਪ੍ਰਜਾਤੀਆਂ ਨੂੰ ਵਿਸ਼ੇਸ਼ ਰੂਪ ਵਿਚ ਸ਼ਾਮਿਲ ਕੀਤਾ ਗਿਆ ; ਜਿਨ੍ਹਾਂ ਉੱਤੇ ਤੱਤੇ ਮੌਸਮ ਦਾ ਸਭ ਤੋਂ ਜ਼ਿਆਦਾ ਅਸਰ ਪੈਣ ਦੀ ਸੰਭਾਵਨਾ ਹੈ ।

ਆਲਮੀ ਤਪਸ਼ ਦਾ ਭਿਆਨਕ ਅਸਰ ਜੀਵ-ਜੰਤੂ ਪ੍ਰਜਾਤੀਆਂ 'ਤੇ ਪੈਣਾ ਤਾਂ ਸੁਭਾਵਿਕ ਹੈ । ਸਾਬਤ ਇਹ ਵੀ ਹੋ ਚੁੱਕਾ ਹੈ ਕਿ ਜੇ ਹਾਲਤ ਇਹੋ ਰਹੀ ਤਾਂ 2050 ਤੱਕ ਸਾਡੀ ਧਰਤੀ ਉੱਤੇ ਮੌਜੂਦ ਪੇੜ-ਪੌਦਿਆਂ ਦਾ ਵੀ 50 ਫੀਸਦੀ ਤੱਕ ਸਫਾਇਆ ਹੋ ਜਾਵੇਗਾ । ਖੋਜ ਵਿਚ ਦੁਨੀਆਂ ਭਰ ਵਿਚ ਸਥਾਪਿਤ ਪ੍ਰਯੋਗਸ਼ਾਲਾਵਾਂ ਦੇ ਜ਼ਰੀਏ ਕੁੱਲ ਮਿਲਾ ਕੇ 1103 ਜਾਤੀਆਂ 'ਤੇ ਨਜ਼ਰ ਰੱਖੀ ਗਈ । ਸਮੁੱਚੇ ਅਧਿਐਨ ਦਾ ਨਤੀਜਾ, 'ਇਨ੍ਹਾਂ ਵਿੱਚੋਂ 15 ਤੋਂ 37 ਫੀਸਦੀ ਜਾਤੀਆਂ 2050 ਤੱਕ ਵਾਤਾਵਰਨੀ ਤਬਦੀਲੀ ਕਾਰਨ ਪੂਰੀ ਤਰ੍ਹਾਂ ਖਤਮ ਹੋ ਜਾਣਗੀਆਂ ।' ਜਿੱਥੋਂ ਤੱਕ ਬ੍ਰਿਛਾਂ ਅਤੇ ਪੌਦਿਆਂ ਅਤੇ ਜੀਵ-ਜੰਤੂਆਂ ਦੀ ਗੱਲ ਹੈ ਤਾਂ ਇਸ ਵਕਤ ਧਰਤੀ 'ਤੇ ਕਰੀਬ 22 ਲੱਖ ਨਸਲਾਂ ਵਿੱਚੋਂ ਪਹਿਲਾਂ ਖਤਮ ਹੋ ਚੁੱਕੀਆਂ ਤੋਂ ਬਿਨਾਂ 12 ਹਜ਼ਾਰ ਪ੍ਰਜਾਤੀਆਂ ਤਾਂ ਹੁਣ ਹੀ ਛੁਪਣ-ਛੋਤ ਹੋ ਜਾਣ ਦੇ ਕਿਨਾਰੇ ਹਨ ।

ਬੇਹੱਦ ਤਪਸ਼ ਕਾਰਨ ਰੁੱਤ ਬਦਲਾਅ ਅਤੇ ਧਰਤੀ ਦੀ ਥਰਥਰਾਹਟ (ਅੰਦਰੂਨੀ ਉਥਲ-ਪੁੱਥਲ) ਕਾਰਨ ਵੀ ਇਨ੍ਹਾਂ ਨੂੰ ਖਤਰੇ ਖੜ੍ਹੇ ਹੋਏ ਹਨ । ਇਸੇ ਤਪਸ਼ ਕਾਰਨ ਸਾਈਬੇਰੀਆ ਦੇ 32 ਗਲੇਸ਼ੀਅਰ ਪਿਘਲਣ ਨਾਲ ਉੱਥੇ 2.4 ਤੋਂ 5.6 ਰੈਕਟਰ ਸਕੇਲ ਦੇ ਭੂਚਾਲ ਝਟਕੇ ਨੋਟ ਕੀਤੇ ਗਏ । ਸਿੱਟਾ ; ਧਰਤੀ ਦੇ ਸੰਤੁਲਨ 'ਚ ਥਰਥਰਾਹਟ ਭੂਚਾਲਾਂ ਦਾ ਖਤਰਾ ਅਤੇ ਰੁੱਤਾਂ 'ਚ ਤਿੱਖੀਆਂ ਤਬਦੀਲੀਆਂ । ਜਲਵਾਯੂ ਦੇ ਬਦਲਦੇ ਮਿਜਾਜ਼ 'ਤੇ ਕੀਤੇ ਗਏ ਇਕ ਅਧਿਐਨ 'ਚ ਕਿਹਾ ਗਿਆ ਹੈ ਕਿ ਵਾਤਾਵਰਣ ਤਬਦੀਲੀ ਨਾਲ ਮੁਲਕਾਂ ਦੀ ਸੁਰੱਖਿਆ ਲਈ ਗੰਭੀਰ ਖਤਰੇ ਪੈਦਾ ਹੋ ਜਾਣਗੇ ; ਕਿਉਂਕਿ ਸਮੁੰਦਰਾਂ ਦੇ ਧਰਾਤਲ ਵਿਚ ਤਬਦੀਲੀਆਂ ਅਤੇ ਗਲੇਸ਼ੀਅਰਾਂ ਦੇ ਪਿਘਲਣ ਨਾਲ ਵਿਸ਼ਵ ਨਕਸ਼ੇ 'ਚ ਬਦਲਾਅ ਦਾ ਡਰ ਪੈਦਾ ਹੋ ਗਿਆ ਹੈ । 'ਇੰਸਟੀਚਿਊਟ ਫਾਰ ਡਿਫੈਂਸ ਸਟੱਡੀਜ਼ ਐਂਡ ਅਨੈਲੇਸਿਜ਼' ਅਨਸਾਰ, 'ਜਲਵਾਯੂ ਪਰਿਵਰਤਨ ਨਾਲ ਸੁਰੱਖਿਆ ਬਲਾਂ ਦੀ ਰਣਨੀਤੀ ਤੇ ਜੁਗਤੀ 'ਤੇ ਨਾ ਸਿਰਫ ਉਲਟ ਪ੍ਰਭਾਵ ਪਵੇਗਾ, ਸਗੋਂ ; ਬਦਲਦੇ ਜਲ-ਮੁਹਾਂਦਰੇ ਮੁਲਖੀ ਹੱਦਾਂ-ਸਰਹੱਦਾਂ ਵੀ



ਬਦਲ ਦੇਣਗੇ ।'

ਦਰ-ਹਕੀਕਤ; ਰੁੱਤ ਬਦਲਾਅ ਹੀ ਨਹੀਂ, ਸਗੋਂ ਮੀਂਹ ਬੇਤਰਤੀਬਾ ਅਤੇ ਸੁੱਕਦੇ ਜਾ ਰਹੇ ਜਲ ਸਰੋਤਾਂ ਕਾਰਨ ਪੈਦਾ ਹੋ ਰਹੇ ਜਲ-ਸੰਕਟ ਦਾ ਇਕ ਵੱਡਾ ਕਾਰਨ ਧਰਤੀ ਦਾ ਹੋ ਰਿਹਾ ਗਰਮ ਮਿਜਾਜ਼ ਵੀ ਹੈ । ਵਧਦੀ ਆਬਾਦੀ ਦੀਆਂ ਜ਼ਰੂਰਤਾਂ ਪੈਦਾ ਕਰਨ ਉੱਤੇ ਭਾਰੂ ਮੁਨਾਫੇ ਦੀ ਲਾਲਸਾਈ ਪ੍ਰਵਿਰਤੀ ਦੀ ਪੈਖੜ 'ਚ ਬੱਝੇ ਬੰਦੇ ਵੱਲੋਂ ਕੁਦਰਤੀ ਸਰੋਤਾਂ ਉੱਤੇ ਕੀਤੇ ਤਾਬੜ ਤੋੜ ਹੱਲੇ ਨੇ ਪਾਣੀ ਦੀ ਸਤਾਹ ਨੂੰ ਲਗਾਤਾਰ ਹੇਠਾਂ ਪਹੁੰਚਾਉਣ ਤੋਂ ਇਲਾਵਾ ਧਰਤੀ ਨੂੰ ਅੰਦਰ ਹੀ ਅੰਦਰ ਖੋਖਲਾ ਵੀ ਕਰ ਦਿੱਤਾ ਹੈ, ਜਿਹੜਾ ਜ਼ਮੀਨ ਧੱਸ-ਦੁਰਘਟਨਾਵਾਂ ਨੂੰ ਜਨਮ ਦੇਵੇਗਾ । ਜੇ ਬਰਸਾਤ, ਜਿਸ ਬਾਰੇ ਹੁਣ ਪੁਖਤਾ ਪਤਾ ਨਹੀਂ ਲਗਦਾ ਕਿੰਨੀ ਤੇ ਕਦ ਅਤੇ ਕਿਥੇ ਪੈਣੀ ਹੈ, ਨੂੰ ਸ਼ਾਮਿਲ ਨਾ ਵੀ ਕੀਤਾ ਜਾਵੇ ਤਦ ਹੀ ਪੰਜ ਰੁੱਤਾਂ ਵਾਲਾ ਭਾਰਤੀ ਉਪਮਹਾਂਦੀਪ ਸਿਰਫ ਦੋ ਰੁੱਤਾਂ, ਅਰਥਾਤ ਗਰਮੀ ਅਤੇ ਸਰਦੀ, ਵਾਲਾ ਖ਼ਿੱਤਾ ਬਣਨ ਵੱਲ ਤੋਰ ਦਿੱਤਾ ਗਿਆ ਹੈ । ਇਨ੍ਹਾਂ ਦੋਵਾਂ ਰੁੱਤਾਂ ਦੀ ਵੀ ਨਾ ਸਿਰਫ ਸਮਾਂ-ਅਵਧੀ ਵੱਧ-ਘੱਟ ਰਹੀ ਹੈ ਸਗੋਂ ਇਸਦੇ ਤਾਪਮਾਨ ਬਾਰੇ ਵੀ ਅਨਿਸ਼ਚਿਤਾ ਬਣੀ ਰਹਿੰਦੀ ਹੈ । ਰੁੱਤਾਂ ਦੀ ਰਿਵਾਇਤੀ ਤਾਪਮਾਨ ਅਤੇ ਸਮੇਂ ਵਿਚ ਗੜਬੜ ਚੌਥ ਹੋ ਗਈ ਹੈ ।

ਫਿਰ ਪੰਜ ਰੁੱਤਾਂ ਤੋਂ ਦੋ ਰੁੱਤਾਂ 'ਚ ਸੁੰਗੜ ਜਾਣ ਦਾ ਅਰਥ ਹੈ ਬਹੁ-ਭਾਂਤੀ ਵੰਨ-ਸੁਵੰਨਤਾ ਦਾ ਵੀ ਪੰਜ ਦੇ ਮੁਕਾਬਲੇ ਦੋ 'ਚ ਤਬਦੀਲ ਹੋ ਜਾਣਾ । ਤਦ ਨਾ ਤਾਂ ਰੁੱਤਾਂ ਦੀ ਵੰਨਗੀ ਥਿਆਵੇਗੀ ਅਤੇ ਨਾ ਹੀ ਇਸ ਬਹੁ-ਵੰਨਗੀ ਤਹਿਤ ਕੁਦਰਤ ਵਲੋਂ ਪਰੋਸੀਆਂ ਜਾਣ ਵਾਲੀਆਂ ਨਿਆਮਤਾਂ ਦਾ ਲੁਤਫ ਮਿਲੇਗਾ । ਇੰਜ ਰੁੱਤਾਂ ਦੀ ਕਹਾਣੀ ਵੀ ਪਰੀ-ਕਥਾ ਵਾਂਗ ਦਾਦੀ ਦੀ ਬਾਤ ਬਣ ਜਾਵੇਗੀ । ਬਹੁ-ਭਾਂਤੀ ਬਨਸਪਤੀ ਅਤੇ ਜੀਵਾਂ ਦੀ ਤਾਂ ਗੱਲ ਹੀ ਛੱਡੋ ਸਾਨੂੰ ਆਪਣੇ ਲੀੜੇ-ਲੱਤੇ, ਰਹਿਣ ਸਹਿਣ, ਜੀਅ-ਪ੍ਰਚਾਵੇ, ਰੈਣ-ਬਸੇਰੇ, ਖੇਤੀ-ਬਣਤਰਾਂ ਤੇ ਫਸਲੀ ਹੇਰ-ਫੇਰ ਗੱਲ ਕੀ; ਸਮੁੱਚੀ ਜੀਵਨ ਸ਼ੈਲੀ ਵਿਚ ਵੀ ਤਿੱਖੀਆਂ ਤਬਦੀਲੀਆਂ ਚਲੰਤ ਜੀਵਨ ਰੇਖਾ ਉੱਤੇ ਤਿੱਖਾ ਪ੍ਰਭਾਵ ਪਾਉਣਗੀਆਂ । ਇਸ ਨਾਲ ਤਿੱਖੀਆਂ ਰਾਜਨੀਤਿਕ ਤਬਦੀਲੀਆਂ ਸਮੇਤ ਆਮ ਬੰਦੇ ਦੀ ਜ਼ਿੰਦਗੀ ਵਿਚ ਵੀ ਬੇ-ਮਿਸਾਲ ਉਥਲ-ਪੁੱਥਲ ਹੋਵੇਗੀ ।

ਮੁੱਕਦੀ ਗੱਲ, ਮੌਸਮੀ ਵਿਗਾੜਾਂ ਦਾ ਜ਼ਿੰਮੇਵਾਰ, ਮੁੱਖ-ਕਾਰਕ, ਕੁਦਰਤ ਪ੍ਰਤੀ ਬੇ-ਮੇਚਵਾਂ ਵਿਕਾਸ, ਧਨ-ਕੁਬੇਰੀ ਲਾਲਸਾ ਅਤੇ ਸਿੱਟੇ ਵਜੋਂ ਵਧ ਰਹੀ ਆਲਮੀ ਤਪਸ਼ ਹੈ । ਕੁਦਰਤੀ ਸ੍ਰੋਤਾਂ ਅਤੇ ਕੁਦਰਤੀ ਵਿਭਿੰਨਤਾ ਦਾ ਬੇਕਿਰਕ ਖਾਤਮਾ ਹੋ ਰਿਹਾ ਹੈ, ਪਤਾ ਨਹੀਂ, ਮਨੁੱਖ ਦੀ ਵਾਰੀ ਕਦੋਂ ਆ ਜਾਵੇ ? ਸਿਰਫ ਇਹੋ ਹੀ ਫਿਕਰਮੰਦੀ ਦਾ ਮੁੱਦਾ ਨਹੀਂ । ਅਸਲ, ਮੁੱਦਾ ਇਹ ਹੈ ਕਿ, 'ਕੁਦਰਤੀ ਸੋਮਿਆਂ, 'ਜਲ, ਜੰਗਲ ਅਤੇ ਜ਼ਮੀਨ' ਦੀ ਸਾਂਭੀਵਾਲਤਾ ਬਰਕਰਾਰ ਰੱਖਣ ਹਿੱਤ ਬੇਹੱਦ ਚੌਕਸ ਰਿਹਾ ਜਾਵੇ ।' ਮਨੁੱਖ ਤਦ ਹੀ ਬਚੇਗਾ, ਜੇ ਕੁਦਰਤ ਅਤੇ ਆਮ ਮਨੁੱਖ ਪ੍ਰਤੀ ਨਿਰਮੋਹੇ ਕਾਰਪੋਰੇਟੀ-ਵਿਕਾਸ ਨੂੰ ਸਦੀਵੀ ਅਲਵਿਦਾ ਆਖੀ ਜਾਵੇ । ਇਸ ਲਈ ਸਾਨੂੰ ਉਸ ਸੰਸਾਰਿਕ ਨਿਜ਼ਾਮ ਨੂੰ ਵੀ ਨਾਕਾਰਨਾ ਪਵੇਗਾ, ਜਿਹੜਾ ਭਾਈਚਾਰਕ ਬਰਾਬਰਤਾ ਅਤੇ ਕੁਦਰਤੀ ਸਹਿ-ਹੋਂਦ ਦੀ ਬਜਾਏ ਪਦਾਰਥਕ ਸਹੂਲਤਾਂ ਅਤੇ ਮੁਨਾਫਿਆਂ ਮਗਰ ਹਾਫਲਿਆ ਫਿਰਦਾ ਹੈ । ਡੁੱਲ੍ਹੇ ਬੇਰਾਂ ਦਾ, ਹਾਲੇ ਵੀ, ਕੁਝ ਨਹੀਂ ਵਿਗੜਿਆ । ਜੇ ਅਸੀਂ ਨਾ ਸੰਭਲੇ ਤਾਂ ਰੁੱਤਾਂ ਸਮੇਤ, ਕੁਝ ਨਹੀਂ ਬਚੇਗਾ, ਹੋਰ ਅੱਧੀ ਸਦੀ ਤੱਕ ।

# ਪਿਆਜ਼ ਦੀ ਸਫਲ ਕਾਸ਼ਤ ਲਈ ਸਿਫਾਰਸ਼ਾਂ

**ਜਿਵਨਵੀਰ ਸਿੰਘ ਘੋਸਾ, ਮਨੀਸ਼ਾ ਠਾਕੁਰ ਅਤੇ ਗੁਲਾਬ ਪਾਂਡੋਵ,**
ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ



**ਪਿਆਜ਼ ਦੀ ਪਨੀਰੀ ਨੂੰ ਅੱਧ ਦਸੰਬਰ ਤੋਂ ਅੱਧ ਜਨਵਰੀ ਤੱਕ ਖੇਤ ਵਿਚ ਲਾਇਆ ਜਾਂਦਾ ਹੈ। ਉੱਨਤ ਕਿਸਮਾਂ ਜਿਵੇਂ ਕਿ ਪੰਜਾਬ ਨਰੋਆ, ਪੀ ਆਰ ਓ-7, ਪੀ ਆਰ ਓ-6, ਪੀ ਵਾਈ ਓ-1, ਅਤੇ ਪੀ ਡਬਲਯੂ ਓ-2 ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਿਆਜ਼ ਦੀ ਕਾਸ਼ਤ ਹਾੜ੍ਹੀ ਅਤੇ ਸਾਉਣੀ ਦੋਵੇਂ ਮੌਸਮਾਂ ਵਿਚ ਕੀਤੀ ਜਾ ਸਕਦੀ ਹੈ, ਪਰ ਜ਼ਿਆਦਾ ਗਰਮੀ, ਕੜਾਕੇ ਦੀ ਠੰਢ ਅਤੇ ਜ਼ਿਆਦਾ ਬਾਰਸ਼ ਇਸਦੇ ਅਨੁਕੂਲ ਨਹੀਂ ਹੁੰਦੇ। ਪੌਦੇ ਦੇ ਵਾਧੇ ਲਈ 13-21 ਸੈਲੀਸੀਅਸ ਅਤੇ ਗੰਢੇ ਦੇ ਪ੍ਰਫੁੱਲਤ ਹੋਣ ਲਈ 15-25 ਸੈਲੀਸੀਅਸ ਤਾਪਮਾਨ ਅਨੁਕੂਲ ਹੁੰਦਾ ਹੈ।**

ਪਿਆਜ਼ ਦੀ ਵਰਤੋਂ ਹਰ ਘਰ ਵਿਚ ਤਕਰੀਬਨ ਰੋਜ਼ਾਨਾ ਹੁੰਦੀ ਹੈ ਪਰ ਪੰਜਾਬ ਦਾ ਮੌਜੂਦਾ ਉਤਪਾਦਨ ਮੰਗ ਨਾਲੋਂ ਬਹੁਤ ਘੱਟ ਹੈ। ਪਿਆਜ਼ ਸਾਰਾ ਸਾਲ ਘਰਾਂ ਵਿਚ ਵਰਤਿਆ ਜਾਂਦਾ ਹੈ। ਛੋਟੇ ਗੰਢਿਆਂ ਨੂੰ ਸਿਰਕੇ ਵਿਚ ਪਾ ਕੇ ਆਚਾਰ, ਚਟਨੀ ਅਤੇ ਸੂਪ ਬਣਾਉਣ ਲਈ ਵਰਤਿਆ ਜਾਂਦਾ ਹੈ। ਪੁਰਾਣੇ ਸਮੇਂ ਤੋਂ ਹੀ ਪਿਆਜ਼ ਦੀ ਵਰਤੋਂ ਰਿਵਾਇਤੀ ਦਵਾਈ ਵਿਚ ਕੀਤੀ ਜਾਂਦੀ ਹੈ। ਇਸਦੀ ਲਗਾਤਾਰ ਵਰਤੋਂ ਕਈ ਬਿਮਾਰੀਆਂ ਜਿਵੇਂ ਕਿ ਦਿਲ ਦੇ ਰੋਗ, ਸ਼ੂਗਰ ਅਤੇ ਕੈਂਸਰ ਆਦਿ ਦਾ ਖਤਰਾ ਘਟਾਉਂਦੀ ਹੈ। ਪਿਆਜ਼ ਦੀ ਸਫਲਤਾ ਪੂਰਵਕ ਕਾਸ਼ਤ ਕਰਨ ਲਈ ਧਿਆਨ ਦੇਣ ਯੋਗ ਗੱਲਾਂ ਇਸ ਤਰ੍ਹਾਂ ਹਨ :

ਪਿਆਜ਼ ਦੀ ਪਨੀਰੀ ਨੂੰ ਅੱਧ ਦਸੰਬਰ ਤੋਂ ਅੱਧ ਜਨਵਰੀ ਤੱਕ ਖੇਤ ਵਿਚ ਲਾਇਆ ਜਾਂਦਾ ਹੈ। ਉੱਨਤ ਕਿਸਮਾਂ ਜਿਵੇਂ ਕਿ ਪੰਜਾਬ ਨਰੋਆ, ਪੀ ਆਰ ਓ-7, ਪੀ ਆਰ ਓ-6, ਪੀ ਵਾਈ ਓ-1, ਅਤੇ ਪੀ ਡਬਲਯੂ ਓ-2 ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਿਆਜ਼ ਦੀ ਕਾਸ਼ਤ ਹਾੜ੍ਹੀ ਅਤੇ ਸਾਉਣੀ ਦੋਵੇਂ ਮੌਸਮਾਂ ਵਿਚ ਕੀਤੀ ਜਾ ਸਕਦੀ ਹੈ, ਪਰ ਜ਼ਿਆਦਾ ਗਰਮੀ, ਕੜਾਕੇ ਦੀ ਠੰਢ ਅਤੇ ਜ਼ਿਆਦਾ ਬਾਰਸ਼ ਇਸਦੇ ਅਨੁਕੂਲ ਨਹੀਂ ਹੁੰਦੇ। ਪੌਦੇ ਦੇ ਵਾਧੇ ਲਈ 13-21 ਸੈਲੀਸੀਅਸ ਅਤੇ ਗੰਢੇ ਦੇ ਪ੍ਰਫੁੱਲਤ ਹੋਣ ਲਈ 15-25 ਸੈਲੀਸੀਅਸ ਤਾਪਮਾਨ ਅਨੁਕੂਲ ਹੁੰਦਾ ਹੈ। ਲੰਮਾ ਸਮਾਂ ਜ਼ਿਆਦਾ ਠੰਢ ਪੈਣ ਕਾਰਨ ਪਿਆਜ਼ ਨਿੱਸਰਦਾ ਹੈ ਅਤੇ ਜ਼ਿਆਦਾ ਗਰਮੀ ਕਾਰਨ ਗੰਢੇ ਦਾ ਆਕਾਰ ਛੋਟਾ ਰਹਿ ਜਾਂਦਾ ਹੈ। ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 4-5 ਕਿਲੋ ਬੀਜ ਕਾਫੀ ਹੈ। ਇਸ ਲਈ 8 ਮਰਲੇ (200 ਵਰਗ ਮੀਟਰ) ਥਾਂ ਤੇ 15 ਤੋਂ 20 ਸੈਂਟੀਮੀਟਰ ਉੱਚੀਆਂ ਕਿਆਰੀਆਂ ਤਿਆਰ ਕਰੋ। ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ, ਕਿਆਰੀਆਂ ਨੂੰ ਪਾਣੀ ਲਾਓ ਤਾਂ ਕਿ ਬਿਜਾਈ ਤੋਂ ਪਹਿਲਾਂ ਸਾਰੇ ਨਦੀਨ ਉੱਗ ਪੈਣ। ਬੀਜ 1-2 ਸੈਂਟੀਮੀਟਰ ਡੂੰਘਾ ਅਤੇ ਕਤਾਰਾਂ ਵਿਚ ਬੀਜੋ। ਪਨੀਰੀ



ਪੁੱਟਣ ਤੋਂ ਤੁਰੰਤ ਬਾਅਦ, ਵੱਤਰ ਖੇਤ ਵਿਚ ਲਾ ਦਿਉ। ਚੰਗਾ ਝਾੜ ਲੈਣ ਲਈ ਕਤਾਰਾਂ ਵਿਚ 15 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਦਾ ਫਾਸਲਾ ਰੱਖੋ। 10-15 ਸੈਂਟੀਮੀਟਰ ਲੰਬੀ ਅਤੇ ਸਿਹਤਮੰਦ ਪਨੀਰੀ ਤੋਂ ਵਧੇਰੇ ਝਾੜ ਮਿਲਦਾ ਹੈ ਜਿਸਨੂੰ ਕਿ ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਬਿਜਾਈ ਕਰਕੇ ਤਿਆਰ ਕੀਤਾ ਜਾ ਸਕਦਾ ਹੈ। ਪਿਆਜ਼ ਦੀ ਲਵਾਈ ਸਮੇਂ ਕੰਨਸੋਰਸ਼ੀਅਮ ਜੀਵਾਣੂੰ ਖਾਦ 4 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਮਿੱਟੀ ਵਿਚ ਰਲਾ ਕੇ ਖੇਤ ਵਿਚ ਪਾਓ ਜਾਂ ਦੋ ਪੈਕਟ (0.5 ਕਿਲੋ ਗ੍ਰਾਮ ਪ੍ਰਤੀ ਪੈਕਟ) ਜੀਵਾਣੂੰ ਖਾਦ (ਅਜ਼ੋਟੋਬੈਕਟਰ + ਸਟ੍ਰੈਪਟੋਮਾਈਸੀਜ਼ + ਬਰਖੋਲਡੇਰੀਆ) ਨੂੰ 80-100 ਲਿਟਰ ਪਾਣੀ ਵਿਚ ਘੋਲ ਲਵੋ ਅਤੇ ਇਕ ਏਕੜ ਹਾੜ੍ਹੀ ਦੇ ਪਿਆਜ਼ ਦੀ ਪਨੀਰੀ ਦੀਆਂ ਜੜ੍ਹਾਂ ਨੂੰ ਇਸ ਘੋਲ ਵਿਚ 30 ਮਿੰਟ ਲਈ ਡੁਬੋਣ ਤੋਂ ਬਾਅਦ ਪਨੀਰੀ ਨੂੰ ਛੇਤੀ ਹੀ ਖੇਤ ਵਿੱਚ ਲਗਾ ਦਿਉ।

**ਖਾਦਾਂ** : ਇੱਕ ਏਕੜ ਲਈ 20 ਟਨ ਗਲੀ ਸੜੀ ਰੂੜੀ, 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿਲੋ ਫਾਸਫੋਰਸ, (125 ਸੁਪਰਫਾਸਫੇਟ) ਅਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ ਪੋਟਾਸ਼) ਦੀ ਲੋੜ ਹੈ। ਸਾਰੀ ਰੂੜੀ ਦੀ ਖਾਦ, ਸਾਰੀ ਫਾਸਫੋਰਸ, ਪੋਟਾਸ਼ ਅਤੇ ਅੱਧੀ ਨਾਈਟਰੋਜਨ ਵਾਲੀ ਖਾਦ, ਪੌਦੇ ਲਾਉਣ ਤੋਂ ਪਹਿਲਾਂ ਅਤੇ ਬਚੀ ਹੋਈ ਅੱਧੀ ਨਾਈਟਰੋਜਨ ਵਾਲੀ



ਖਾਦ 4-6 ਹਫਤਿਆਂ ਬਾਅਦ ਛੱਟਾ ਦੇ ਕੇ ਪਾਓ ਅਤੇ ਜੈਵਿਕ ਕਾਸ਼ਤ ਲਈ ਪਿਆਜ਼ ਦੀ 40 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਦੀ ਲੋੜ ਨੂੰ 4 ਟਰਾਲੀਆਂ ਰੂੜੀ (4 ਟਨ ਸੁੱਕੀ ਰੂੜੀ 1% ਨਾਈਟ੍ਰੋਜਨ) ਦੀ ਖਾਦ ਵਰਤ ਕੇ ਪੂਰਾ ਕੀਤਾ ਜਾ ਸਕਦਾ ਹੈ। ਜੇ ਰੂੜੀ ਦੀ ਖਾਦ ਪੂਰੀ ਮਾਤਰਾ ਵਿਚ ਉਪਲਬਧ ਨਾਲ ਹੋਵੇ ਤਾਂ 3 ਟਰਾਲੀਆਂ ਰੂੜੀ (3 ਟਨ ਸੁੱਕੀ ਰੂੜੀ 1% ਨਾਈਟ੍ਰੋਜਨ) ਦੀ ਖਾਦ ਦੇ ਨਾਲ 0.9 ਟਨ ਗੰਡੋਇਆ ਖਾਦ (1.5% ਨਾਈਟ੍ਰੋਜਨ) ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਲਈ ਗੋਲ 23.5 ਈ ਸੀ (ਆਕਸੀਫਲੋਰਫੈਨ) 380 ਮਿਲੀਲੀਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ



ਵਿਚ ਘੋਲ ਦਾ ਪਨੀਰੀ ਲਾਉਣ ਤੋਂ ਇਕ ਹਫਤੇ ਦੇ ਅੰਦਰ-ਅੰਦਰ ਛਿੜਕਾਅ ਅਤੇ 90-100 ਦਿਨਾਂ ਬਾਅਦ ਇਕ ਗੋਡੀ ਕਰਕੇ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ਅਤੇ ਜੈਵਿਕ ਖੇਤੀ ਲਈ 2-3 ਗੋਡੀਆਂ ਜ਼ਰੂਰੀ ਹਨ। ਪਹਿਲੀ ਗੋਡੀ ਪਨੀਰੀ ਲਾਉਣ ਤੋਂ ਤਿੰਨ ਹਫਤੇ ਪਿੱਛੋਂ ਕਰੋ। ਬਾਕੀ ਗੋਡੀਆਂ 15-20 ਦਿਨਾਂ ਦੇ ਅੰਤਰ ਤੇ ਕਰਦੇ ਰਹੋ।

**ਸਿੰਚਾਈ** : ਪਨੀਰੀ ਲਾਉਣ ਤੋਂ ਫੌਰਨ ਬਾਅਦ ਪਾਣੀ ਦਿਓ ਤਾਂ ਜੋ ਬੂਟਿਆਂ ਦੀਆਂ ਜੜ੍ਹਾਂ ਜ਼ਮੀਨ ਪਕੜ ਲੈਣ। ਫਿਰ 7-10 ਦਿਨਾਂ ਦੇ ਫਾਸਲੇ ਨਾਲ ਪਾਣੀ ਲਾਉਂਦੇ ਰਹੋ। ਪੁਟਾਈ ਤੋਂ ਘੱਟੋ-ਘੱਟ 15 ਦਿਨ ਪਹਿਲਾਂ ਪਾਣੀ ਦੇਣਾ ਬੰਦ ਕਰ ਦਿਓ ਤਾਂ ਕਿ ਪਿਆਜ਼ ਲੰਮੇ ਸਮੇਂ ਲਈ ਭੰਡਾਰ ਕੀਤਾ ਜਾ ਸਕੇ। ਕੁੱਲ 10-15 ਸਿੰਚਾਈਆਂ ਦੀ ਲੋੜ ਹੈ।

**ਪਿਆਜ਼ ਪਕਾਉਣਾ ਅਤੇ ਭੰਡਾਰ ਕਰਨਾ** : ਭੂਕਾਂ ਸੁੱਕ ਕੇ ਡਿੱਗਣ ਤੇ ਪਿਆਜ਼ ਦੀ ਪੁਟਾਈ ਕਰੋ। ਪੁਟਾਈ ਕਰਨ ਤੋਂ ਬਾਅਦ 6-7 ਦਿਨ ਤੱਕ ਛਾਂ ਵਿਚ ਪਤਲੀਆਂ ਤਹਿਆਂ ਵਿਚ ਖਿਲਾਰ ਕੇ ਪਿਆਜ਼ ਨੂੰ ਪੱਕਣ ਦਿਓ। ਫਿਰ 1-2 ਸੈਂਟੀਮੀਟਰ ਭੂਕਾਂ ਰੱਖ ਕੇ ਕੱਟ ਦਿਓ। ਭੰਡਾਰ ਵਿਚ ਹਰ 15 ਦਿਨ ਬਾਅਦ ਪਿਆਜ਼ਾਂ ਨੂੰ ਹਿਲਾਉਂਦੇ ਰਹੋ ਅਤੇ ਇਸ ਵਿੱਚੋਂ ਗਲੇ ਹੋਏ ਪਿਆਜ਼ ਛਾਂਟੀ ਕਰਦੇ ਰਹੋ।

**ਅੰਤਰ ਫਸਲ** : ਧਨੀਏ ਨੂੰ ਪਿਆਜ਼ ਵਿਚ ਅੰਤਰ ਫਸਲ ਦੇ ਤੌਰ ਤੇ ਲਗਾ ਕੇ ਵਧੇਰੇ ਮੁਨਾਫਾ ਲਿਆ ਜਾ ਸਕਦਾ ਹੈ। ਪਿਆਜ਼ ਦੀਆਂ 5 ਕਤਾਰਾਂ ਬਾਅਦ ਧਨੀਏ ਦੀ ਇਕ ਕਤਾਰ ਜਨਵਰੀ ਦੇ ਪਹਿਲੇ ਪੰਦਰਵਾੜੇ ਵਿਚ ਪਿਆਜ਼ ਦੀ ਪਨੀਰੀ ਲਾਉਣ ਤੇ ਪਹਿਲਾ ਪਾਣੀ ਦੇਣ ਉਪਰੰਤ ਲਾਓ। ਹਰੇ ਧਨੀਏ ਦੀ ਬਿਜਾਈ ਤੋਂ 40 ਦਿਨਾਂ ਬਾਅਦ ਪਹਿਲੀ ਕਟਾਈ ਕਰੋ ਅਤੇ ਬੀਜ ਦੇ ਤੌਰ ਤੇ ਧਨੀਏ ਨੂੰ ਮਈ ਦੇ ਦੂਸਰੇ ਹਫਤੇ ਕੱਟ ਲਓ। ਜੇ ਲੋੜ ਪਵੇ ਤਾਂ ਨਿੰਮ ਦੇ ਘਰੇਲੂ ਘੋਲ ਜਾਂ ਵਪਾਰਕ ਨਿੰਮ ਕੀਟਨਾਸ਼ਕ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਪੌਦ ਸੁਰੱਖਿਆ :**

**(ੳ) ਬਿਮਾਰੀਆਂ ਅਤੇ ਕੀੜੇ :**

**ਜਾਮਣੀ ਧੱਬਿਆਂ ਦੇ ਦਾਗ** : ਪੱਤਿਆਂ ਅਤੇ ਫੁੱਲਾਂ ਵਾਲੀ ਨਾੜ ਉੱਪਰ ਜਾਮਣੀ ਰੰਗ ਦੇ ਦਾਗ ਪੈ ਜਾਂਦੇ ਹਨ। ਇਸ ਦਾ ਅਸਰ ਗੰਢਿਆਂ ਅਤੇ ਬੀਜਾਂ ਉੱਪਰ ਵੀ ਪੈਂਦਾ ਹੈ। ਇਸ ਤੋਂ ਇਲਾਵਾ ਪੀਲੇ ਧੱਬੇ ਦੇ ਰੋਗ ਵਿਚ ਬੀਜ ਵਾਲੀਆਂ ਡੰਡੀਆਂ ਉੱਪਰ ਤਕਰੀਬਨ ਗੋਲ ਧੱਬੇ ਪੈ ਜਾਂਦੇ ਹਨ ਜਿਨ੍ਹਾਂ ਉੱਪਰ ਜਾਮਣੀ ਉੱਲੀ ਪੈਦਾ ਹੋ ਜਾਂਦੀ ਹੈ, ਜਿਹੜੀ ਕਿ ਬਾਅਦ ਵਿਚ ਭੂਰੀ ਦਿਸਣ ਲੱਗ ਪੈਂਦੀ ਹੈ। ਫਸਲ ਝੁਲਸੀ ਲੱਗਦੀ ਹੈ ਅਤੇ ਡੰਡੀਆਂ ਟੁੱਟ ਜਾਂਦੀਆਂ ਹਨ। ਇਸ ਬਿਮਾਰੀ ਦੀ ਰੋਕਥਾਮ ਲਈ ਫਸਲ ਉੱਪਰ ਪ੍ਰਤੀ ਏਕੜ 600 ਗ੍ਰਾਮ ਇੰਡੋਫਿਲ ਐਮ-45 ਅਤੇ 200 ਮਿਲੀਲਿਟਰ ਟਰਾਈਟੋਨ ਜਾਂ ਅਲਸੀ ਦਾ ਤੇਲ 200 ਲੀਟਰ ਪਾਣੀ ਵਿਚ ਘੋਲ ਕੇ ਬੀਮਾਰੀ ਦੀਆਂ ਨਿਸ਼ਾਨੀਆਂ ਦਿਸਣ ਤੇ ਛਿੜਕੋ। ਇਸ ਤੋਂ ਪਿੱਛੋਂ 10 ਦਿਨ ਦੇ ਵਕਫੇ ਤੇ ਤਿੰਨ ਛਿੜਕਾਅ ਹੋਰ ਕਰੋ।

ਕੀੜਿਆਂ ਵਿਚ ਥਰਿੱਪ (ਜੂੰ) ਪੀਲੇ ਰੰਗ ਦਾ ਛੋਟਾ ਜਿਹਾ ਕੀੜਾ ਹੈ ਜੋ ਫਰਵਰੀ ਤੋਂ ਮਈ ਦੇ ਦੌਰਾਨ ਭੂਕਾਂ ਦਾ ਰਸ ਚੂਸਦਾ ਹੈ, ਨਤੀਜੇ ਵਜੋਂ ਉਨ੍ਹਾਂ ਤੇ ਚਿੱਟੇ ਧੱਬੇ ਪੈਦਾ ਕਰਦਾ ਹੈ ਅਤੇ ਫੁੱਲ ਪੈਣ ਸਮੇਂ ਭਾਰੀ ਨੁਕਸਾਨ ਕਰਦਾ ਹੈ। ਰੋਕਥਾਮ ਲਈ 30 ਗ੍ਰਾਮ ਜੰਪ 80 ਡਬਲਯੂ ਜੀ (ਫਿਪਰੋਨਿਲ) ਜਾਂ 250 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਇਸ ਤੋਂ ਇਲਾਵਾ ਪਿਆਜ਼ ਦੀ ਸੁੰਡੀ ਦਾ ਖੇਤਾਂ ਵਿਚ ਹਮਲਾ ਜਨਵਰੀ-ਫਰਵਰੀ ਮਹੀਨਿਆਂ ਵਿਚ ਬਹੁਤ ਹੁੰਦਾ ਹੈ। ਹਮਲੇ ਵਾਲੇ ਬੂਟਿਆਂ ਦੀਆਂ ਭੂਕਾਂ ਕੋਨਿਆਂ ਤੋਂ ਹੇਠਾਂ ਵੱਲ ਨੂੰ ਭੂਰੀਆਂ ਹੋਣ ਲੱਗ ਜਾਂਦੀਆਂ ਹਨ। ਪਿਆਜ਼ ਅਤੇ ਭੂਕਾਂ ਜ਼ਮੀਨ ਵਾਲੇ ਪਾਸੇ ਤੋਂ ਢਿੱਲੇ ਪੈ ਜਾਂਦੇ ਹਨ ਅਤੇ ਗਲ ਜਾਂਦੇ ਹਨ। ਇਨ੍ਹਾਂ ਗਲੇ ਹੋਏ ਪਿਆਜ਼ਾਂ ਵਿਚ ਅੱਧਾ ਸੈਂਟੀਮੀਟਰ ਲੰਮੀਆਂ ਸੁੰਡੀਆਂ ਹੁੰਦੀਆਂ ਹਨ, ਜਿਹੜੀਆਂ ਕਿ ਇਕ ਸਿਰੇ ਵੱਲੋਂ ਤਿੱਖੀਆਂ ਹੁੰਦੀਆਂ ਹਨ। ਗਲੇ ਬੂਟਿਆਂ ਨੂੰ ਪੁੱਟ ਕੇ ਮਿੱਟੀ ਵਿਚ ਦੱਬ ਦਿਓ।

# ਧੁਆਂਖੀ ਧੁੰਦ ਨੇ ਜੀਣਾ ਕੀਤਾ ਦੁੱਭਰ



**ਧੁਆਂਖੀ ਧੁੰਦ ਦੀ ਮੋਟੀ ਚਾਦਰ ਨੇ ਸਾਹ ਲੈਣਾ ਔਖਾ ਕੀਤਾ ਹੋਇਆ ਹੈ। ਸਿਤਮਜ਼ਰੀਫੀ ਇਹ ਹੈ ਕਿ ਬਠਿੰਡਾ ਵਿਚ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ (ਏ ਕਿਊ ਆਈ) 411 ਤੱਕ ਪੁੱਜ ਗਿਆ। ਮੰਡੀ ਗੋਬਿੰਦਗੜ੍ਹ ਵਿਚ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ ਸਭ ਤੋਂ ਮਾਰੂ 241, ਜਲੰਧਰ 217, ਲੁਧਿਆਣਾ 203 'ਤੇ ਪਹੁੰਚ ਗਿਆ।**

ਦਰਬਾਰਾ ਸਿੰਘ ਕਾਹਲੋਂ,
ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ
ਮੋ: +12898292929

ਚੜ੍ਹਦਾ (ਆਬਾਦੀ 3.17 ਕਰੋੜ) ਅਤੇ ਲਹਿੰਦਾ (ਆਬਾਦੀ ਕਰੀਬ 13 ਕਰੋੜ) ਪੰਜਾਬ ਅੱਜ ਧੁਆਂਖੀ ਧੁੰਦ ਨਾਲ 'ਗੈਸ ਚੈਬਰ' ਬਣੇ ਪਏ ਹਨ। ਇਸ ਸ਼ਰਮਨਾਕ ਅਤੇ ਭਿਆਨਕਰ ਦਸ਼ਾ ਲਈ ਸਮੇਂ ਲਈ ਸੂਬਾਈ ਅਤੇ ਕੇਂਦਰੀ ਸਰਕਾਰਾਂ ਦੇ ਨਾਲ-ਨਾਲ ਖੁਦ ਪੰਜਾਬੀ ਜ਼ਿੰਮੇਵਾਰ ਹਨ। ਇਹ ਦੋਸ਼ ਅਸੀਂ ਨਹੀਂ, ਭਾਰਤ ਦੀ ਸੁਪਰੀਮ ਕੋਰਟ ਲਗਾ ਰਹੀ ਹੈ। ਉਸ ਦੇ ਦੋ ਵੱਖ-ਵੱਖ ਬੈਂਚਾਂ ਨੇ ਪੰਜਾਬ, ਹਰਿਆਣਾ, ਦਿੱਲੀ ਵਿਚ ਪ੍ਰਦੂਸ਼ਣ ਅਤੇ ਸਮੋਗ (ਧੁਆਂਖੀ ਧੁੰਦ) ਲਈ ਸਬੰਧਤ ਸੂਬਾਈ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ।

ਪ੍ਰਦੂਸ਼ਣ ਸਬੰਧੀ ਬਣਾਏ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਪ੍ਰਦੂਸ਼ਤ ਪਟਾਕੇ ਬਣਾਉਣਾ, ਵੇਚਣਾ, ਚਲਾਉਣਾ ਜਾਰੀ ਹੈ। ਪਰਾਲੀ ਸਾੜਨ ਦਾ ਕੰਮ ਰਾਜ, ਅਫਸਰਸ਼ਾਹੀ ਅਤੇ ਲੋਕ ਨਹੀਂ ਰੋਕ ਰਹੇ। ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਪੰਜਾਬ ਵਿਚ 7029 ਤੇ ਜ਼ਿਲ੍ਹਾ ਅੰਮ੍ਰਿਤਸਰ ਵਿਚ 643 ਪਰਾਲੀ ਸਾੜਨ ਦੇ ਕੇਸਾਂ ਸਾਹਮਣੇ ਆਏ (ਹਕੀਕੀ ਅੰਕੜੇ ਕਿਤੇ ਵੱਧ ਹਨ) ਸੂਬੇ ਵਿਚ ਅਗਲੀ ਫਸਲ ਬੀਜਣ ਦੀ ਤਿਆਰੀ ਕਰ ਰਹੇ ਕਿਸਾਨ ਪਰਾਲੀ ਸੰਭਾਲਣ ਦੀ ਥਾਂ ਉਸ ਨੂੰ ਸਾੜ ਰਹੇ ਹਨ। ਫਲਸਰੂਪ ਧੁਆਂਖੀ ਧੁੰਦ ਦੀ ਮੋਟੀ ਚਾਦਰ ਨੇ ਸਾਹ ਲੈਣਾ ਔਖਾ ਕੀਤਾ ਹੋਇਆ ਹੈ। ਸਿਤਮਜ਼ਰੀਫੀ ਇਹ ਹੈ ਕਿ ਬਠਿੰਡਾ ਵਿਚ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ (ਏ ਕਿਊ ਆਈ) 411 ਤੱਕ ਪੁੱਜ ਗਿਆ। ਮੰਡੀ ਗੋਬਿੰਦਗੜ੍ਹ ਵਿਚ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ ਸਭ ਤੋਂ ਮਾਰੂ 241, ਜਲੰਧਰ 217, ਲੁਧਿਆਣਾ 203 'ਤੇ ਪਹੁੰਚ ਗਿਆ। ਕਿਸਾਨਾਂ ਨੂੰ ਪਰਾਲੀ ਸੰਭਾਲ ਮਸ਼ੀਨਾਂ 'ਤੇ ਖਰਚਾ। ਫਜ਼ੂਲ ਨਜ਼ਰ ਆਇਆ। ਸਥਿਤੀ ਇੰਟਲ ਬਦਤਰ ਹੈ ਕਿ ਹੁਣ ਤਾਂ ਸਿਰੋਂ ਪਾਣੀ ਲੰਘ ਚੁੱਕਾ ਹੈ। ਸਭ ਧਿਰਾਂ ਆਪਣਾ ਫਰਜ਼ ਸਮਝਦੇ ਹੋਏ ਪ੍ਰਦੂਸ਼ਣ ਮਹਾਂਮਾਰੀ ਰੋਕਣ ਲਈ ਅੱਗੇ ਆਉਣ।

ਇਸ ਨਾਲ ਚੜ੍ਹਦਾ ਅਤੇ ਲਹਿੰਦਾ ਪੰਜਾਬ ਮਿਲ ਕੇ ਨਜਿੱਠਣ, ਇਸ ਬਾਰੇ ਸਭ ਤੋਂ ਪਹਿਲਾਂ ਸੁਝਾਅ ਲਹਿੰਦੇ ਪੰਜਾਬ ਦੇ 13 ਕਰੋੜ ਪੰਜਾਬੀਆਂ ਦੀ ਮੁੱਖ ਮੰਤਰੀ ਬੀਬਾ ਮਰੀਅਮ ਨਵਾਜ਼ ਸ਼ਰੀਫ ਵੱਲੋਂ ਆਇਆ ਸੀ। ਲਹਿੰਦੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ ਅਤਿ ਮਾਰੂ ਪੱਧਰ ਤੱਕ ਪੁੱਜ ਚੁੱਕਾ ਹੈ। ਬੱਚੇ, ਬੁੱਢਿਆਂ ਤੇ ਬਿਮਾਰਾਂ ਦਾ ਜਿਊਣਾ ਮੁਹਾਲ ਹੋ ਚੁੱਕਾ ਮੇਊ ਹਸਪਤਾਲ ਲਾਹੌਰ ਵਿਚ 4000, ਜਿਨਾਹ ਹਸਪਤਾਲ ਵਿਚ 3500, ਸਰ ਗੰਗਾ ਰਾਮ ਹਸਪਤਾਲ ਵਿਚ 4500, ਚਿਲਡਰਨ ਹਸਪਤਾਲ ਵਿਚ 2000 ਤੋਂ ਵੱਧ ਮਰੀਜ਼ ਦਾਖਲ ਹੋਏ।

ਪੂਰਾ ਲਹਿੰਦਾ ਪੰਜਾਬ 'ਗੈਸ ਚੈਂਬਰ' ਬਣਿਆ ਪਿਆ ਹੈ। ਲਾਹੌਰ ਵਿਚ ਸਥਿਤੀ ਨਾਲ ਨਿਪਟਣ ਲਈ 'ਵਿਸ਼ੇਸ਼ ਵਾਰ ਰੂਮ' ਸਥਾਪਤ ਕੀਤਾ ਗਿਆ ਹੈ ਮੁੱਖ ਮੰਤਰੀ ਨਹੀਂ ਜਾਣਦੇ ਕਿ ਸਥਿਤੀ ਏਨੀ ਭਿਅੰਕਰ ਹੈ ਕਿ ਭਾਰਤ ਦੇ ਉਪ ਰਾਸ਼ਟਰਪਤੀ ਜਗਦੀਸ਼ ਧਨਖੜ ਦਾ ਹਵਾਈ ਜਹਾਜ਼ ਆਦਮਪੁਰ ਨਹੀਂ ਉਤਰ ਸਕਿਆ ਜਿੱਥੋਂ ਉਨ੍ਹਾਂ ਲੁਧਿਆਣੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ 'ਜਲਵਾਯੂ ਪਰਿਵਰਤਨ ਅਤੇ ਊਰਜਾ ਤਬਦੀਲੀ ਸਨਮੁੱਖ ਐਗਰੀ ਫੂਡ ਸਿਸਟਮ ਵਿਚ ਪਰਿਵਰਤਨ' ਵਿਸ਼ੇ 'ਤੇ ਕੌਮਾਂਤਰੀ ਕਾਨਫਰੰਸ ਵਿਚ ਭਾਗ ਲੈਣਾ ਸੀ। ਉਨ੍ਹਾਂ ਨੂੰ ਐਮਰਜੈਂਸੀ ਅੰਮ੍ਰਿਤਸਰ ਉਤਰਨਾ ਪਿਆ ਅਤੇ ਪ੍ਰੋਗਰਾਮ ਮਨਸੂਖ ਕਰ ਕੇ ਵਾਪਸ ਦਿੱਲੀ ਪਰਤਣਾ ਪਿਆ।



ਪੂਰੇ ਪੰਜਾਬ ਵਿਚ ਹਰ ਸ਼ਹਿਰ, ਗਲੀ, ਪਿੰਡ ਵਿਚ ਗੰਦਗੀ ਫੈਲੀ ਹੋਈ ਹੈ। ਸਾਰੇ ਸ਼ਹਿਰ ਮਾਰੂ ਬਦਬੂ ਭਰੀਆਂ ਗੈਸਾਂ ਦੇ ਗਟਰਾਂ 'ਤੇ ਖੜ੍ਹੇ ਹਨ। ਡੇਂਗੂ, ਚਿਕਨਗੁਨੀਆ, ਸਾਹ ਦੇ ਰੋਗ, ਗੰਦੇ ਪੀਣ ਵਾਲੇ ਪਾਣੀ ਅਤੇ ਕੀਟਨਾਸ਼ਕਾਂ ਨਾਲ ਲਬਰੇਜ਼ ਸਬਜ਼ੀਆਂ, ਫਲਾਂ ਕਰਕੇ ਕੈਂਸਰ, ਅੰਤੜੀ ਰੋਗ ਤੋਂ ਅੱਧਾ ਪੰਜਾਬ ਗ੍ਰਸਤ ਹੈ। ਸਰਪੰਚ, ਪੰਚ, ਕੌਂਸਲਰ, ਮੇਅਰ, ਸਬੰਧਤ ਅਫਸਰਸ਼ਾਹੀ ਅਹੁਦੇ ਮਾਣ ਰਹੇ ਹਨ, ਭ੍ਰਿਸ਼ਟਾਚਾਰ, ਠੱਗੀਆਂ, ਜਾਅਲਸਾਜ਼ੀਆਂ ਵਿਚ ਗ੍ਰਸਤ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਸਵੱਛ ਭਾਰਤ' ਨੀਤੀ ਦਮ ਤੋੜ ਚੁੱਕੀ ਹੈ। ਸਾਂਸਦਾਂ ਵੱਲੋਂ ਸਵੱਛਤਾ ਅਤੇ ਵਿਕਾਸ ਲਈ ਅਪਨਾਏ ਪਿੰਡ ਮੂੰਹ ਚਿੜਾ ਰਹੇ ਹਨ। ਪੰਜਾਬ ਦੀ ਕਿਸਾਨੀ ਦੀ ਹਾਲਤ ਆਏ ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਕਿਸਾਨਾਂ ਦੀਆਂ ਖੁਦਕੁਸ਼ੀਆਂ ਲਗਾਤਾਰ ਜਾਰੀ ਹਨ। ਕੇਂਦਰੀ ਖਰੀਦ ਫਸਲਾਂ ਖਰੀਦਣ ਤੋਂ ਪੈਰ ਪਿਛਾਂਹ ਖਿਸਕਾਉਂਦੀ ਜਾ ਰਹੀ ਹੈ। ਐਤਕੀਂ ਝੋਨੇ ਦੀ ਖਰੀਦ ਸਬੰਧੀ ਜੋ ਕਿਸਾਨੀ ਦੀ ਲੁੱਟ ਅਤੇ ਬਰਬਾਦੀ ਹੋਈ ਉਸ ਤੋਂ ਰੱਬ ਵੀ ਤੌਬਾ ਕਰਦਾ ਵਿਖਾਈ ਦਿੱਤਾ। ਪੰਦਰਾਂ-ਪੰਦਰਾਂ ਦਿਨ ਮੰਡੀਆਂ ਵਿਚ ਉਹ ਅਤੇ ਉਨ੍ਹਾਂ ਦਾ ਝੋਨਾ ਰੁਲਦੇ ਵੇਖੇ।

ਡੇਢ ਸੌ ਤੋਂ 500 ਰੁਪਏ ਪ੍ਰਤੀ ਕੁਇੰਟਲ ਘਾਟੇ ਵਿਚ ਝੋਨਾ ਵੇਚਣ ਲਈ ਮਜਬੂਰ ਹੋਣਾ ਪਿਆ। ਜੇ ਉਹ ਵਿਰੋਧ ਕਰਦੇ ਤਾਂ ਪੁਲਿਸ ਅਤੇ ਪ੍ਰਸ਼ਾਸਨ ਦੀਆਂ ਡਾਂਗਾਂ ਦਾ ਸ਼ਿਕਾਰ ਬਣਨਾ ਪੈਂਦਾ। ਗੁਆਂਢੀ ਹਰਿਆਣਾ ਵਿਚ ਮਿੰਟਾਂ-ਸਕਿੰਟਾ ਵਿਚ ਖਰੀਦ ਹੋਈ ਤੇ ਪੈਸੇ ਖਾਤਿਆਂ ਵਿਚ ਪਏ। ਡਬਲ ਇੰਜਨ ਸਰਕਾਰ ਜੋ ਸੀ। ਕਣਕ ਦੀ ਬਿਜਾਈ ਲੇਟ ਹੋਣ ਕਰ ਕੇ ਕਿਸਾਨਾਂ ਨੂੰ ਪਰਾਲੀ ਸਾੜਨੀ ਪਈ। ਕੇਂਦਰ ਤੇ ਰਾਜ ਸਰਕਾਰਾਂ ਨੇ ਬੇਲਰ ਮਸ਼ੀਨਾਂ ਮੁਹੱਈਆ ਨਹੀਂ ਕਰਵਾਈਆਂ। ਪੰਜਾਬ ਦੀ ਕਿਸਾਨੀ ਨਿਗਲਣ ਲਈ ਕੇਂਦਰ ਸਰਕਾਰ ਦੀ ਸ਼ਹਿ 'ਤੇ ਕਾਰਪੋਰੇਟ ਘਰਾਣੇ ਵਿਚ ਦੈਂਤਾਂ ਵਾਂਗ ਦਨਦਨਾ ਰਹੇ ਹਨ। 'ਆਪ' ਸਰਕਾਰ ਉਨ੍ਹਾਂ ਅੱਗੇ ਬੇਵੱਸ ਹੈ। ਯਾਦ ਰਹੇ, ਕਿਸਾਨੀ ਅੱਜ ਵੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਰਾਜ ਵਿਚ ਫੂਡ ਸਨਅਤ ਦਾ ਬੁਰਾ ਹਾਲ ਹੈ। ਇਹ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੀ ਹੈ। ਵੇਰਕਾ, ਅਮੂਲ ਅੱਗੇ ਦਮ ਤੋੜ ਰਿਹਾ ਹੈ। ਹੋਟਲਾਂ, ਢਾਬਿਆਂ, ਰੇਹੜੀਆਂ, ਮਠਿਆਈ, ਸੁੱਕੇ ਮੇਵੇ ਸਨਅਤ ਪੂਰੀ ਤਰ੍ਹਾਂ ਪ੍ਰਦੂਸ਼ਤ ਹਨ। ਲੇਖਕ ਦਿੱਲੀ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਹੋਟਲ ਦੇ ਪ੍ਰਦੂਸ਼ਤ ਖਾਣੇ, ਗੈਸ ਚੈਂਬਰ, ਵਾਇਰਲ ਨਾਲ ਤਿੰਨ ਕੁ ਹਫਤੇ ਗ੍ਰਸਤ ਰਹਿਣ ਕਰਕੇ ਵਾਪਸ ਕੈਨੇਡਾ ਪਰਤਣ ਲਈ ਮਜਬੂਰ ਹੋ ਗਿਆ।

ਗੁਰਦਾਸਪੁਰ ਜ਼ਿਲ੍ਹੇ ਵਿਚ ਕੁਝ ਸਾਲ ਪਹਿਲਾਂ ਜ਼ਿਲ੍ਹਾ ਸਿਹਤ ਅਫਸਰ ਡਾ. ਬਲਵਿੰਦਰ ਸਿੰਘ ਬਾਜਵਾ ਹੁੰਦਾ ਸੀ ਜੋ ਅੱਜ ਪੰਜਾਬ ਮੈਡੀਕਲ ਕੌਂਸਲ ਦਾ ਮੈਂਬਰ ਹੈ, ਉਸ ਨੇ ਰੋਜ਼ਾਨਾ ਅਚਨਚੇਤ ਛਾਪਿਆਂ ਰਾਹੀਂ ਇਸ ਪ੍ਰਦੂਸ਼ਤ ਫੂਡ ਸਨਅਤ ਦੇ ਨੱਕ ਵਿਚ ਦਮ ਕੀਤਾ ਹੋਇਆ ਸੀ।

ਅਫਸਰਸ਼ਾਹੀ ਦੀ ਮਿਲੀਭੁਗਤ, ਸਰਕਾਰ ਦੀ ਬੇਧਿਆਨੀ ਅਤੇ ਲੋਕਾਂ ਦੀ ਸਮਝੀ ਕਰਕੇ ਪ੍ਰਦੂਸ਼ਤ ਫੂਡ ਸਨਅਤ ਪੰਜਾਬ ਦੀ ਸਿਹਤ ਬਰਬਾਦ ਕਰ ਰਹੀ ਹੈ। ਕਰੀਬ ਅੱਧੀ ਪੁਲਿਸ ਤਾਂ ਵੀ ਆਈ ਪੀ ਕਲਚਰ ਨੂੰ ਸੰਭਾਲਣ ਵਿਚ ਲੱਗੀ ਹੋਈ ਹੈ। ਥਾਣਿਆਂ ਵਿਚ ਅੱਧੀ ਨਫਰੀ ਵਿੱਚੋਂ ਅੱਧੀ ਸਰਕਾਰੀ ਅਦਾਲਤੀ ਅਤੇ ਪ੍ਰਬੰਧਕੀ ਕੰਮਾਂ ਵਿਚ ਮਸਰੂਫ ਹੈ। ਫਿਰ 10-15 ਕਾਂਸਟੇਬਲ, ਏ ਐੱਸ ਆਈ, ਐੱਸ ਆਈ ਜਾਂ ਇੰਸਪੈਕਟਰ ਗੈਂਗਸਟਰਵਾਦ, ਨਸ਼ੀਲੇ ਪਦਾਰਥਾਂ ਦੀ ਵਿਕਰੀ, ਚੋਰੀਆਂ, ਫਿਰੌਤੀਆਂ 'ਤੇ ਕਾਬੂ ਕਿਵੇਂ ਪਾਉਣ? ਇਨ੍ਹਾਂ ਨੂੰ ਵਾਹਨਾਂ, ਤਕਨੀਕ ਤੇ ਆਧੁਨਿਕ ਸਿਖਲਾਈ ਦੀ ਘਾਟ ਹੈ। ਉੱਪਰੋਂ ਨਿੱਤ ਦਿਨ ਦੇ ਧਰਨਿਆਂ-ਮੁਜ਼ਾਹਰਿਆਂ, ਘਿਰਾਓ ਆਦਿ ਨਾਲ ਨਜਿੱਠਣ, ਕੁੱਟ-ਕੁਟਾਪੇ ਲਈ ਭੁੱਖੇ ਢਿੱਡ ਤਿਆਰ ਰਹਿਣ ਕਰਕੇ ਸਥਿਤੀ ਬੇਕਾਬੂ ਹੋਈ ਪਈ ਹੈ ਜੇਲ੍ਹਾਂ ਅਪਰਾਧ, ਫਿਰੌਤੀਆਂ, ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀਆਂ ਬੇਕਾਬੂ ਗੁਫਾਵਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਕੇਂਦਰੀ ਗ੍ਰਹਿ ਮੰਤਰਾਲਾ ਸਿਰਫ ਟਾਹਰਾਂ ਮਾਰਨ ਜੋਗਾ ਹੈ। ਬੀ ਐੱਸ ਐੱਫ ਦਾ ਪੰਜਾਹ ਕਿਲੋਮੀਟਰ ਦਾਇਰਾ ਵਧਾ ਕੇ ਅਪਰਾਧ ਰੋਕਣ ਵਿਚ ਉਸ ਦਾ ਕੀ ਯੋਗਦਾਨ ਹੈ?

ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਲਈ ਨਿੱਤ ਟਕਰਾਅ ਭਰੇ ਜਾਬਰ ਫੈਸਲੇ ਲੈ ਰਹੀ ਹੈ। ਚੰਡੀਗੜ੍ਹ, ਪਾਣੀਆਂ, ਪੰਜਾਬੀ ਭਾਸ਼ੀ ਇਲਾਕਿਆਂ, ਕਿਸਾਨੀ, ਸਰਹੱਦੀ, ਐੱਮ ਐਸ ਪੀ ਦੇ ਮਸਲੇ ਲਗਾਤਾਰ ਕਾਇਮ ਰੱਖੇ ਹੋਏ ਹਨ। ਹੁਣ ਨਵਾਂ ਟਕਰਾਅ ਹਰਿਆਣਾ ਨੂੰ ਚੰਡੀਗੜ੍ਹ ਵਿਚ 10 ਏਕੜ ਜ਼ਮੀਨ ਵਿਧਾਨ ਸਭਾ ਦੀ ਉਸਾਰੀ ਲਈ ਅਲਾਟਮੈਂਟ ਕਰਨ ਸਬੰਧੀ ਨੋਟੀਫੀਕੇਸ਼ਨ ਜਾਣ ਕਰਨ 'ਤੇ ਪੈਦਾ ਹੋ ਗਿਆ ਹੈ। ਹਰਿਆਣਾ ਵਿਚ ਮੂਰਖਾਂ ਦਾ ਟੋਲਾ ਕੁਰੂਕਸ਼ੇਤਰ ਜਾਂ ਹੋਰ ਕੇਂਦਰੀ ਥਾਂ 'ਤੇ ਰਾਜਧਾਨੀ ਦੀ ਉਸਾਰੀ ਨਹੀਂ ਹੋਣ ਦੇ ਰਿਹਾ ਜੋ ਇਸ ਦੇ ਵਿਕਾਸ ਤੇ ਪ੍ਰਭੂਤਵ ਲਈ ਜ਼ਰੂਰੀ ਹੈ।

ਹੁਣ ਇਸ ਮਸਲੇ 'ਤੇ ਖਲਬਲੀ ਮਚੇਗੀ। ਪੰਜਾਬ ਸਰਕਾਰ, ਪ੍ਰਸ਼ਾਸਨ ਅਤੇ ਮੁੱਖ ਮੰਤਰੀ ਨਿੱਤ ਦੁਬਿਧਾ ਵਿਚ ਹਨ ਕਿਉਂਕਿ ਉਨ੍ਹਾਂ 'ਤੇ ਪੰਜਾਬ ਸਬੰਧੀ ਫੈਸਲੇ, ਨੀਤੀਆਂ ਅਤੇ ਅਮਲ ਗੈਰ-ਸੰਵਿਧਾਨਕ ਦਿੱਲੀ ਅਥਾਰਟੀ ਵੱਲੋਂ ਥੋਪੇ ਜਾ ਰਹੇ ਹਨ। ਕਾਂਗਰਸ, ਭਾਜਪਾ, ਅਕਾਲੀ, ਖੱਬੇ-ਪੱਖੀ ਵੀ ਵੰਡੇ ਹੋਣ ਕੇ ਪੰਜਾਬ ਦੇ ਹਿੱਤਾਂ ਤੇ ਹੱਕਾਂ ਲਈ ਡਟਣ ਤੋਂ ਨਾਕਾਮ ਹਨ। ਚਾਰ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਵੇਲੇ ਮਚੀ ਰਾਜਨੀਤਕ ਖਲਬਲੀ ਇਸ ਦਾ ਸਬੂਤ ਹੈ। ਇੰਜ ਲੱਗਦਾ ਹੈ ਜਿਵੇਂ ਪੰਜਾਬ ਕਿਸੇ ਤਾਕਤਵਰ, ਫੈਸਲਾਕੁਨ, ਜੁਝਾਰੂ, ਦੂਰ-ਦ੍ਰਿਸ਼ਟੀਵਾਨ ਮਹਾਰਾਜਾ ਰਣਜੀਤ ਸਿੰਘ ਵਰਗੀਆਂ ਗਤੀਸ਼ੀਲ ਅਗਵਾਈ ਨੂੰ ਤਰਸ ਰਿਹਾ ਹੋਵੇ।



# ਤੁਪਕਾ ਸਿੰਚਾਈ ਪ੍ਰਣਾਲੀ ਦੀ ਮੁਰੰਮਤ ਅਤੇ ਸਾਂਭ ਸੰਭਾਲ


ਜੁਗਰਾਜ ਸਿੰਘ, ਦੇਂਨੇਸਵਰ ਮਦਨੇ, ਰਾਕੇਸ਼ ਸ਼ਾਰਦਾ, ਮੋਬਾਇਲ : 98155-47607

ਤੁਪਕਾ ਸਿੰਚਾਈ ਪ੍ਰਣਾਲੀ ਲਗਾਉਣ ਤੋਂ ਪਹਿਲਾਂ ਕੁਝ ਬੁਨਿਆਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ । ਇਸ ਜਾਣਕਾਰੀ ਵਿਚ ਮਿੱਟੀ ਦੀ ਕਿਸਮ, ਪਾਣੀ ਦੀ ਗੁਣਵੱਤਾ (ਪੀ ਐੱਚ ਅਤੇ ਈ ਸੀ), ਫਸਲ ਦੀ ਕਿਸਮ, ਫਸਲ ਦੀਆਂ ਕਤਾਰਾਂ ਵਿੱਚ ਵਿੱਥ, ਖੇਤ ਦਾ ਆਕਾਰ ਅਤੇ ਖੇਤਰਫਲ ਅਤੇ ਖੇਤ ਦੀ ਉਚਾਣ ਅਤੇ ਨਿਵਾਣ ਸ਼ਾਮਿਲ ਹੈ ।

ਫਿਲਟਰ ਤੁਪਕਾ ਸਿੰਚਾਈ ਪ੍ਰਣਾਲੀ ਦਾ ਇਕ ਅਹਿਮ ਅੰਗ ਹੈ । ਫਿਲਟਰ ਦੀ ਚੋਣ ਪਾਣੀ ਦੇ ਸੋਮੇ ਅਤੇ ਉਸ ਦੀ ਗੁਣਵੱਤਾ ਉੱਪਰ ਨਿਰਭਰ ਕਰਦੀ ਹੈ । ਹਾਈਡ੍ਰੋਸਾਈਕਲੋਨ ਅਤੇ ਡਿਸਕ ਫਿਲਟਰ ਦੀ ਵਰਤੋਂ ਟਿਊਬਵੈੱਲ ਦੇ ਪਾਣੀ ਵਿਚਲੀ ਘੁਲੇ ਹੋਏ ਰੇਤੇ ਨੂੰ ਸਾਫ ਕਰਨ ਲਈ ਸੈਕੰਡਰੀ ਫਿਲਟਰ ਦੇ ਤੌਰ ਉੱਪਰ ਵਰਤੇ ਜਾਂਦੇ ਹਨ । ਪਾਣੀ ਵਿਚਲੀ ਗੰਦਗੀ ਨੂੰ ਸਾਫ ਕਰਨ ਲਈ ਬੈਕਵਾਸ਼ਿੰਗ ਦੀ ਵਿਵਸਥਾ ਵੀ ਪ੍ਰਣਾਲੀ ਵਿਚ ਕੀਤੀ ਜਾਂਦੀ ਹੈ ।

ਫਿਲਟਰਾਂ ਦੇ ਪ੍ਰਵੇਸ਼ ਅਤੇ ਨਿਕਾਸੀ ਦੁਆਰ ਉੱਪਰ ਰੋਜ਼ਾਨਾ ਚੈੱਕ ਕਰਦੇ ਰਹੋ । ਰੇਤੇ ਵਾਲੇ ਫਿਲਟਰ ਦੀ ਬੈਕ ਵਾਸ਼ਿੰਗ ਰੋਜ਼ਾਨਾ ਕਰੋ । ਸੈਂਡ ਫਿਲਟਰ ਦੇ ਪ੍ਰਵੇਸ਼ ਅਤੇ ਨਿਕਾਸੀ ਦੁਆਰਾ ਉੱਪਰ ਦਬਾਅ ਦਾ ਫਰਮ 0.3 ਕਿਲੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਅਤੇ ਸਕਰੀਨ ਫਿਲਟਰ ਉੱਪਰ ਫਰਕ 0.2 ਕਿਲੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਤੋਂ ਵੱਧ ਨਾ ਹੋਵੇ ।

ਮੈਲਾ ਪਾਣੀ ਡਰਿਪਰ ਦੇ ਵਿਚ ਜਾਣ ਤੇ ਡਰਿਪਰ ਚੋਕ ਹੋ ਜਾਂਦੇ ਹਨ । ਕਈ ਵੇਰ੍ਹਾਂ ਫਿਲਟਰ ਸਿਸਟਮ ਵਿਚ ਨੁਕਸ ਪੈਣ ਨਾਲ ਵੀ ਇਮੀਟਰ ਚੋਕ ਹੋ ਰਾਂਦੇ ਹਨ । ਪਰ ਚੋਕਿੰਗ ਤੋਂ ਨਿਜ਼ਾਤ ਪਾਉਣ ਲਈ ਤੇਜ਼ਾਬ ਅਤੇ ਕਲੋਰੀਨ ਦੀ ਵਰਤੋਂ ਕੀਤੀ ਜਾਂਦੀ ਹੈ । ਸਮੇਂ-ਸਮੇਂ ਉੱਪਰ ਪ੍ਰਣਾਲੀ ਦੀ ਫਲਸ਼ਿੰਗ ਕਰਦੇ ਰਹਿਣ ਨਾਲ ਵੀ ਚੋਕਿੰਗ ਤੋਂ ਰਾਹਤ ਮਿਲਦੀ ਹੈ । ਕਈ ਵਾਰ ਘੁਲਣਸ਼ੀਲ ਖਾਦਾਂ ਦੀ ਵਰਤੋਂ ਨਾਲ ਵੀ ਡਰਿਪਰ ਕਲੋਗਿੰਗ ਦੀ ਸਮੱਸਿਆ ਆ ਜਾਂਦੀ ਹੈ । ਫਾਸਫੋਰਸ ਤੱਤ ਵਾਲੀ ਖਾਦ ਖਾਸ ਕਰਕੇ ਪਾਣੀ ਵਿਚਲੇ ਮਾਦੇ ਨਾਲ ਪ੍ਰਤੀਕਰਮ ਕਰਕੇ ਡਰਿਪਰ ਕਲੋਗ ਕਰ ਸਕਦੀ ਹੈ । ਕਲੋਰੀਨੇਸ਼ਨ ਨਾਲ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ । ਇਥੇ ਇਹ ਗੱਲ ਯਾਦ ਰੱਖੋ ਕਿ ਕਲੋਰੀਨੇਸ਼ਨ ਅਤੇ ਫਰਟੀਗੇਸ਼ਨ ਇੱਕੋ ਸਮੇਂ ਨਹੀਂ ਕਰਨੀਆਂ ਚਾਹੀਦੀਆਂ ।



ਤੁਪਕਾ ਸਿੰਚਾਈ ਪ੍ਰਣਾਲੀ ਵਿਚ ਡਰਿਪਰ ਸਾਫ ਕਰਨ ਲਈ ਪਾਣੀ ਨਾਲ ਕਲੋਰਾਈਡ ਦਾ ਘੋਲ ਜਾਂ ਤੇਜ਼ਾਬ ਦੀ ਵਰਤੋਂ ਕੀਤੀ ਜਾਂਦੀ ਹੈ । ਵਪਾਰਕ ਸ਼੍ਰੇਣੀ ਦੇ ਤੇਜ਼ਾਬ ਦੀ ਵਰਤੋਂ ਸੋਧ ਕਰਨ ਲਈ ਕੀਤੀ ਜਾ ਸਕਦੀ ਹੈ । ਹਾਈਡ੍ਰੋਕਲੋਰਿਕ ਐਸਿਡ (HCL-35%), ਨਾਈਟ੍ਰਿਕ ਐਸਿਡ ($HNO_3$-33%), ਗੰਧਕ ਦਾ ਤੇਜ਼ਾਬ ($H_2SO_4$-65%), ਔਰਥੋਫਾਸਫੋਰਿਕ ਦਾ ($H_3PO_4$-85%) । ਜਿਨ੍ਹਾਂ ਹਾਲਤਾਂ ਵਿਚ ਪਾਣੀ ਵਿਚ ਘੁਲਿਆ ਕੈਲਸ਼ੀਅਮ ਜਾਂ ਮੈਗਨੀਸ਼ੀਅਮ ਦੀ ਸੰਘਣਤਾ 500 ਪੀ.ਪੀ.ਐੱਮ ਤੋਂ ਜ਼ਿਆਦਾ ਹੋਵੇ ਉੱਥੇ ਗੰਧਕ ਦਾ ਤੇਜ਼ਾਬ ਨਾ ਵਰਤੋ । ਤੁਪਕਾ ਸਿੰਚਾਈ ਪ੍ਰਣਾਲੀ ਦੀ ਤੇਜ਼ਾਬ ਰਾਹੀਂ ਸੋਧ ਕਲੋਰੀਨੇਸ਼ਨ ਕਰਨ ਤੋਂ ਪਹਿਲਾਂ ਕਰਨੀ ਚਾਹੀਦੀ ਹੈ, ਕਿਉਂਕਿ ਕਲੋਰੀਨੇਸ਼ਨ ਦੇ ਚੰਗੇ ਪ੍ਰਭਾਵ ਲਈ 6.5 ਤੋਂ 8.5 ਤੱਕ ਦਾ ਖਾਰੀ ਅੰਗ ਲੋੜੀਂਦਾ ਹੈ ।

ਜੇਕਰ ਪਾਣੀ ਵਿੱਚ ਲੋਹੇ ਦੀ ਮਾਤਰਾ ਜ਼ਿਆਦਾ ਹੋਵੇ ਤਾਂ ਅਜਿਹੀ ਹਾਲਤ ਵਿਚ ਔਰਥੋਫਾਸਫੋਰਿਕ ਐਸਿਡ ਦੀ ਵਰਤੋਂ ਨਾ ਕਰੋ, ਕਿਉਂਕਿ ਇਸ ਨਾਲ ਲੋਹਾ ਫਾਸਫੋਰਿਕ ਐਸਿਡ ਨਾਲ ਕਿਰਿਆ ਕਰਕੇ ਪ੍ਰੈਸੀਪੀਟੇਟ ਬਣਾ ਦਿੰਦਾ ਹੈ । ਇੱਕ ਪਲਾਸਟਿਕ ਦੀ ਬਾਲਟੀ ਵਿਚ 10 ਲਿਟਰ ਪਾਣੀ ਲਓ ਅਤੇ ਹੌਲੀ-ਹੌਲੀ ਥੋੜ੍ਹੀ ਮਾਤਰਾ ਵਿਚ ਤੇਜ਼ਾਬ ਪਾਉਂਦੇ ਜਾਓ, ਨਾਲ ਹੀ ਖਾਰੀ ਅੰਗ (ਪੀ. ਐਚ.) ਦੀ ਗਿਣਤੀ ਕਰੋ । ਜਦੋਂ ਪਾਣੀ ਦਾ ਲੋੜੀਂਦਾ ਖਾਰੀ ਅੰਗ (ਪੀ. ਐਚ.) 2.0 ਤੇ ਪਹੁੰਚ ਜਾਵੇ ਤਾਂ ਪਾਈ ਗਈ ਤੇਜ਼ਾਬ ਦੀ ਮਾਤਰਾ ਨੋਟ ਕਰੋ । ਹੁਣ ਤੁਪਕਾ ਸਿੰਚਾਈ ਸਿਸਟਮ ਵਿਚ ਇਹ ਖਾਰੀ ਅੰਗ ਪ੍ਰਾਪਤ ਕਰਨ ਲਈ ਪਹਿਲਾਂ ਵਰਤੀ ਗਈ ਤੇਜ਼ਾਬ ਦੀ ਮਾਤਰਾ ਨੂੰ 100 ਨਾਲ ਗੁਣਾ ਕਰੋ ਅਤੇ ਇਸ ਨੂੰ ਤੁਪਕਾ ਸਿੰਚਾਈ ਰਾਹੀਂ ਪ੍ਰਵਾਹਿਤ ਹੋਣ ਵਾਲੇ 1 ਘਣ ਮੀਟਰ (1000 ਲਿਟਰ) ਪਾਣੀ ਵਿਚ ਪਾਓ ।

# ਫੁੱਲ ਅਤੇ ਬੰਦ ਗੋਭੀ ਦੇ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ

★ **ਚਮਕੀਲੀ ਪਿੱਠ ਵਾਲਾ ਪਤੰਗਾ** : ਇਹ ਕੀੜਾ ਫੁੱਲ ਗੋਭੀ ਅਤੇ ਬੰਦ ਗੋਭੀ ਦਾ ਪ੍ਰਮੁੱਖ ਕੀੜਾ ਹੈ, ਜਿਸਦਾ ਹਮਲਾ ਪੰਜਾਬ ਵਿਚ ਅਕਤੂਬਰ-ਨਵੰਬਰ ਅਤੇ ਫਿਰ ਫਰਵਰੀ-ਮਾਰਚ ਵਿਚ ਹੁੰਦਾ ਹੈ । ਸ਼ੁਰੂਆਤੀ ਅਵਸਥਾ ਵਿਚ ਇਸ ਕੀੜੇ ਦੀਆਂ ਸੁੰਡੀਆਂ ਪੱਤੇ ਦੇ ਹੇਠਲੇ ਪਾਸੇ ਸੁਰੰਗਾਂ ਬਣਾ ਕੇ ਪੱਤਿਆਂ ਦਾ ਨੁਕਸਾਨ ਕਰਦੀਆਂ ਹਨ ਅਤੇ ਬਾਅਦ ਵਿਚ ਸੁੰਡੀਆਂ ਪੱਤੇ ਦੇ ਹੇਠਲੇ ਪਾਸੇ ਤੋਂ ਪੂਰਾ ਪੱਤਾ ਖਾਂਦੀਆਂ ਹਨ । ਸਿੱਟੇ ਵਜੋਂ ਪੱਤੇ ਛਾਨਣੀ ਵਾਂਗ ਹੋ ਜਾਂਦੇ ਹਨ । ਇਸ ਦੀ ਰੋਕਥਾਮ ਲਈ ਪਹਿਲੇ ਛਿੜਕਾਅ 300 ਮਿਲੀਲਿਟਰ ਡਾਈਪੈਲ 8 ਐਲ ਜਾਂ 300 ਗ੍ਰਾਮ ਹਾਲਟ ਡਬਲਯੂ ਪੀ ਜਾਂ ਡੈਲਫਿਨ ਡਬਲਯੂ ਜੀ (ਬੈਸੀਲਸ ਥੂਰੀਨਜੀਐਨਸਿਸ ਕਰਸਟਾਕੀ) ਦੇ ਕਰੋ ਕਿਉਂਕਿ ਇਹ ਮਿੱਤਰ ਕੀੜਿਆਂ ਲਈ ਸੁਰੱਖਿਅਤ ਹਨ । ਜੇਕਰ ਹਮਲਾ ਫਿਰ ਵੀ ਰਹਿੰਦਾ ਹੈ ਤਾਂ 240 ਮਿਲੀਲਿਟਰ ਸਕਸੈੱਸ 2.5 ਐੱਸ ਸੀ (ਸਪਾਈਨੋਸੈਡ) ਜਾਂ 70 ਗ੍ਰਾਮ ਪਰੋਕਲੇਮ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 130 ਮਿਲੀਲਿਟਰ ਅਵਾਂਟ 15.8 ਈ ਸੀ (ਇਡੋਕਸਾਕਾਰਬ) ਜਾਂ 150 ਮਿਲੀਲਿਟਰ ਰਿਮੋਨ 10 ਈ ਸੀ (ਨੋਵਾਲੂਰਾਨ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ (ਫੈਨਵਲਰੇਟ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਲੋੜ ਅਨੁਸਾਰ ਡਾਈਪੈਲ/ਹਾਲਟ/ਡੈਲਫਿਨ ਦੀ 7 ਦਿਨਾਂ ਬਾਅਦ ਜਾਂ ਬਾਕੀ ਕੀਟਨਾਸ਼ਕਾਂ ਦੀ 10 ਦਿਨਾਂ ਬਾਅਦ ਦੁਬਾਰਾ ਵਰਤੋਂ ਕਰੋ ।




★ **ਗੋਭੀ ਦੀ ਸੁੰਡੀ** : ਇਹ ਕੀੜਾ ਸਰ੍ਹੋਂ ਜਾਤੀ ਦੀਆਂ ਸਬਜ਼ੀਆਂ ਉੱਪਰ ਹਮਲਾ ਕਰਦਾ ਹੈ । ਮਾਦਾ ਤਿੱਤਲੀ ਪੱਤਿਆਂ ਦੇ ਹੇਠਲੇ ਪਾਸੇ ਪੀਲੇ ਰੰਗ ਦੇ ਆਂਡੇ ਝੁੰਡ ਵਿਚ ਦਿੰਦੀ ਹੈ, ਜਿਹਨਾਂ ਵਿੱਚੋਂ ਹਫਤੇ-ਦਸ ਦਿਨ ਬਾਅਦ ਸੁੰਡੀਆਂ ਨਿਕਲ ਆਉਂਦੀਆਂ ਹਨ । ਸ਼ੁਰੂਆਤ ਵਿਚ ਸੁੰਡੀ ਪੱਤੇ ਦੀ ਸਤਹਿ ਨੂੰ ਖਰੋਚਦੀ ਹੈ, ਬਾਅਦ ਵਿਚ ਪੱਤੇ ਨੂੰ ਕਿਨਾਰਿਆਂ ਤੋਂ ਅੰਦਰ ਵੱਲ ਖਾਂਦੀ ਹੈ ਅਤੇ ਪੱਤੇ ਦੀ ਮੁੱਖ ਨਾੜ ਨੂੰ ਛੱਡ ਕੇ ਸਾਰਾ ਪੱਤਾ ਹੀ ਖਾ ਜਾਂਦੀ ਹੈ । ਪੰਜਾਬ ਵਿਚ ਇਸ ਕੀੜੇ ਦਾ ਹਮਲਾ ਅਕਤੂਬਰ ਤੋਂ ਲੈ ਕੇ ਅਪ੍ਰੈਲ ਤੱਕ ਰਹਿੰਦਾ ਹੈ । ਇਸ ਕੀੜੇ ਦੀ ਰੋਕਥਾਮ ਲਈ ਇਹਦੇ ਆਂਡਿਆਂ ਅਤੇ ਸੁੰਡੀਆਂ ਵਾਲੇ ਪੱਤੇ ਇਕੱਠੇ ਕਰ ਕੇ ਨਸ਼ਟ ਕਰ ਦਿਓ ।

★ **ਤੰਬਾਕੂ ਸੁੰਡੀ** : ਤੰਬਾਕੂ ਸੁੰਡੀ ਦੀ ਬਾਲਗ ਪਤੰਗਾ ਪੱਤਿਆਂ ਦੇ ਹੇਠਲੇ ਪਾਸੇ ਝੁੰਡ ਵਿਚ ਆਂਡੇ ਦਿੰਦੀ ਹੈ । ਛੋਟੀਆਂ ਸੁੰਡੀਆਂ ਝੁੰਡ ਵਿਚ ਪੱਤਿਆਂ ਨੂੰ ਖਾਂਦੀਆਂ ਹਨ ਅਤੇ ਛਾਨਣੀ ਕਰ ਦਿੰਦੀਆਂ ਹਨ । ਇਸ ਤੋਂ ਬਾਅਦ ਸੁੰਡੀ ਇਕੱਲੀ ਹੋ ਕੇ ਪੂਰੇ ਪੱਤੇ ਨੂੰ ਖਾਂਦੀ ਹੈ ਅਤੇ ਇੱਥੋਂ ਤੱਕ ਬੰਦ ਗੋਭੀ ਦੇ ਫੁੱਲ ਤੇ ਹਮਲਾ ਕਰ ਦਿੰਦੀ ਹੈ । ਇਸ ਕੀੜੇ ਦੀ ਰੋਕਥਾਮ ਲਈ ਝੁੰਡ ਵਿਚ ਪਏ ਆਂਡਿਆਂ ਅਤੇ ਸੁੰਡੀਆਂ ਵਾਲੇ ਪੱਤਿਆਂ ਨੂੰ ਨਸ਼ਟ ਕਰ ਦਿਓ । ਚਮਕੀਲੀ ਪਿੱਠ ਵਾਲੇ ਪਤੰਗੇ ਦੀ ਰੋਕਥਾਮ ਵਾਲੀਆਂ ਜ਼ਹਿਰਾਂ ਦੀ ਵਰਤੋਂ ਨਾਲ ਇਹ ਸੁੰਡੀਆਂ ਵੀ ਮਰ ਜਾਂਦੀਆਂ ਹਨ । ਜੇਕਰ ਇਨ੍ਹਾਂ ਸੁੰਡੀਆਂ ਦਾ ਹਮਲਾ ਸਾਰੇ ਖੇਤ ਵਿਚ ਨਾ ਹੋਵੇ ਤਾਂ ਇਹ ਜ਼ਹਿਰਾਂ ਹਮਲੇ ਵਾਲੇ ਥਾਵਾਂ ਤੇ ਹੀ ਵਰਤੀਆਂ ਜਾਣੀਆਂ ਚਾਹੀਦੀਆਂ ਹਨ ।

★ **ਚੇਪਾ** : ਇਹ ਪੱਤਿਆਂ ਦਾ ਰਸ ਚੂਸ ਕੇ ਨੁਕਸਾਨ ਕਰਦੇ ਹਨ, ਜਿਸ ਨਾਲ ਬੂਟੇ ਦਾ ਵਾਧਾ ਰੁਕ ਜਾਂਦਾ ਹੈ । ਰੋਕਥਾਮ ਲਈ 250-500 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਲੋੜ ਪਵੇ ਤਾਂ 10 ਦਿਨਾਂ ਬਾਅਦ ਛਿੜਕਾਅ ਦੁਹਰਾਓ ।

ਇਹਨਾਂ ਤਰੀਕਿਆਂ ਨੂੰ ਅਪਣਾ ਕੇ ਫੁੱਲ ਅਤੇ ਬੰਦ ਗੋਭੀ ਵਿਚ ਕੀੜੇ-ਮਕੌੜਿਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਬੰਦ ਗੋਭੀ ਅਤੇ ਫੁੱਲ ਗੋਭੀ ਤੇ ਅਵਾਂਟ ਦੇ ਛਿੜਕਾਅ ਤੋਂ ਪਿੱਛੋਂ ਘਟੋ-ਘੱਟ ਤਿੰਨ ਦਿਨ, ਸਕਸੈਸ ਦੇ ਛਿੜਕਾਅ ਤੋਂ 5 ਦਿਨ ਬੰਦ ਗੋਭੀ ਅਤੇ 7 ਦਿਨ ਫੁੱਲ ਗੋਭੀ, ਪਰੋਕਲੇਮ ਦੇ ਛਿੜਕਾਅ ਪਿੱਛੋਂ 3 ਦਿਨ ਬੰਦ ਗੋਭੀ ਅਤੇ 5 ਦਿਨ ਫੁੱਲ ਗੋਭੀ ਦੀ ਤੁੜਾਈ ਲਈ ਇੰਤਜ਼ਾਰ ਕਰੋ । ਕਿਸਾਨ ਵੀਰਾਂ ਨੂੰ ਅਪੀਲ ਹੈ ਕਿ ਉਹ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ ਅਤੇ ਲੋੜ ਪੈਣ ਤੇ ਹੀ ਕੀਟਨਾਸ਼ਕ ਦੀ ਵਰਤੋਂ ਕਰਨ ।

**ਸਿਮਰਨਜੀਤ ਕੌਰ, ਬੀ. ਐਸ. ਸੇਖੋਂ ਅਤੇ ਗੁਰਮੇਲ ਸਿੰਘ ਸੰਧੂ,**
**ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ, ਮੋਬਾਇਲ : 70095-73511**



# ਟਮਾਟਰ ਦੀ ਭੂਮੀ ਰਹਿਤ ਮਾਧਿਅਮ ਰਾਹੀਂ ਕੁਦਰਤੀ ਹਵਾਦਾਰ ਪੌਲੀ-ਹਾਊਸ ਵਿਚ ਕਾਸ਼ਤ



ਅਮੀਨਾ ਰਹੇਜਾ, ਅੰਗ੍ਰੇਜ਼ ਸਿੰਘ ਅਤੇ ਜੁਗਰਾਜ ਸਿੰਘ
ਮੋਬਾਇਲ : 81469-33666

**ਭੂਮੀ ਰਹਿਤ ਮਾਧਿਅਮ ਵਿਚ ਕਾਸ਼ਤ ਲਈ ਧਿਆਨ ਯੋਗ ਗੱਲਾਂ :**

**1. ਕਿਸਮ ਦੀ ਚੋਣ :** ਐਨ ਐਸ 4266, ਹਿਮਸ਼ਿਖਰ ਜਾਂ ਪੰਜਾਬ ਸਰਤਾਜ ਵੇਲ ਵਾਲੇ ਟਮਾਟਰ ਦੀਆਂ ਦੋਗਲੀਆਂ ਕਿਸਮਾਂ ਨੂੰ ਭੂਮੀ ਰਹਿਤ ਮਾਧਿਅਮ ਕੁਦਰਤੀ ਹਵਾਦਾਰ ਪੌਲੀ-ਹਾਊਸ ਵਿਚ ਕਾਸ਼ਤ ਲਈ ਬੀਜਣਾ ਚਾਹੀਦਾ ਹੈ।

**2. ਪਨੀਰੀ ਤਿਆਰ ਕਰਨ ਦਾ ਢੰਗ :** ਪਨੀਰੀ ਸਤੰਬਰ ਮਹੀਨੇ ਦੇ ਪਹਿਲੇ ਹਫਤੇ ਬੀਜੀ ਜਾਂਦੀ ਹੈ ਅਤੇ ਬਿਜਾਈ ਤੋਂ 25 ਤੋਂ 30 ਦਿਨਾਂ ਵਿਚ ਲਗਾਉਣ ਲਈ ਤਿਆਰ ਹੋ ਜਾਂਦੀ ਹੈ। 500 ਵਰਗਮੀਟਰ ਦੇ ਕੁਦਰਤੀ ਹਵਾਦਾਰ ਪੌਲੀ ਹਾਊਸ ਵਿਚ ਲਗਭਗ 1500 ਬੀਜ ਲੋੜ ਹੁੰਦੀ ਹੈ ਪਲਾਸਟਿਕ ਦੀਆਂ ਟਰੇਆਂ ਵਿਚ ਨਾਰੀਅਲ ਦੇ ਬੁਰਾਦੇ (ਕੋਕੋਪੀਟ) ਨੂੰ ਖੁਰਾਕੀ ਤੱਤਾਂ ਦੇ ਘੋਲ ਵਾਲੇ ਪਾਣੀ ਵਿਚ ਭਿੱਜੀਆਂ ਹੋਈਆਂ ਟਰੇਆਂ ਵਿਚ ਪਨੀਰੀ ਨੂੰ ਲਾਇਆ ਜਾਂਦਾ ਹੈ।

**3. ਭੂਮੀ ਤੋਂ ਭੂਮੀ ਰਹਿਤ ਮਾਧਿਅਮ ਵਿਚ ਤਬਦੀਲੀ ਕਰਨ ਲਈ ਪੌਲੀ ਹਾਊਸ ਦੀ ਤਿਆਰੀ :** ਪੌਲੀ ਹਾਊਸ ਨੂੰ ਪੱਧਰ ਕਰਕੇ, 1-1.5 ਪ੍ਰਤੀਸ਼ਤ ਢਲਾਨ ਦਿਓ, ਤਾਂ ਜੋ ਲੀਚਟ ਇਕੱਠਾ ਕਰਨਾ ਸੌਖਾ ਹੋਵੇ। ਪੌਲੀਹਾਊਸ ਦੀ ਸਾਰੀ ਸਤਿਹ ਤੇ ਵੀਡਮੈਟ (ਕਾਲੀ ਬੋਰੀਨੁਮਾ ਸ਼ੀਟ) ਨੂੰ ਵਿਛਾ ਦਿਓ ਤਾਂ ਜੋ ਨਦੀਨ ਨਾ ਉੱਗ ਸਕਣ ਅਤੇ ਭੂਮੀ ਦਾ ਫਸਲ ਉਗਾਉਣ ਵਾਲੇ ਮਾਧਿਅਮ ਨਾਲੋਂ ਸੰਪਰਕ ਟੁੱਟ ਜਾਵੇ। ਫਿਰ ਪਲਾਸਟਿਕ ਟਰੱਫ ਉੱਪਰ ਸਪੇਸਿੰਗ ਟਰੇਆਂ ਰੱਖ ਦਿਓ। ਇਸ ਤੋਂ ਬਾਅਦ ਨਾਰੀਅਲ ਦੇ ਬਰੂਦੇ ਵਾਲੀਆਂ ਸਲੈਬਾਂ ਨੂੰ ਸਪੇਸਿੰਗ ਟਰੇਆਂ ਉੱਪਰ ਰੱਖ ਦਿੱਤਾ ਜਾਂਦਾ ਹੈ ਅਤੇ ਇਸ ਤੋਂ ਉਪਰੰਤ ਡਰਿੱਪ ਲਾਈਨ ਵਿਛਾ ਕੇ ਖੁਰਾਕੀ ਤੱਤਾਂ ਵਾਲਾ ਘੋਲ ਸਲੈਬਾਂ ਨੂੰ ਸਿੰਚਤ ਕਰਨ ਲਈ ਦਿੱਤਾ ਜਾਂਦਾ ਹੈ।

**4. ਪਨੀਰੀ ਪੁੱਟ ਕੇ ਸਲੈਬ ਵਿਚ ਲਗਾਉਣਾ :** ਪਨੀਰੀ ਪੁੱਟ ਕੇ ਸਲੈਬ ਵਿਚ ਲਗਾਉਣ ਤੋਂ ਪਹਿਲਾਂ ਸਲੈਬਾਂ ਨੂੰ 24 ਘੰਟੇ ਲਈ ਖੁਰਾਕੀ ਤੱਤਾਂ ਵਾਲੇ ਘੋਲ ਨਾਲ ਭਿਉਂ ਕੇ ਰੱਖੋ। 3-4 ਪੱਤੇ ਵਾਲੀ ਪਨੀਰੀ ਦੇ ਬੂਟੇ ਲਗਾਉਣ ਤੋਂ ਬਾਅਦ ਦੋ ਮਹੀਨੇ ਬਾਅਦ ਫਲ ਦੇਣ ਲੱਗਦੇ ਹਨ।

**5. ਫਰਟੀਗੇਸ਼ਨ ਸਿਸਟਮ :** ਫਰਟੀਗੇਸ਼ਨ ਕਰਨ ਲਈ 1000 ਲੀਟਰ ਦੀ ਸਮਰੱਥਾ ਵਾਲੇ ਪਲਾਸਟਿਕ ਦੇ ਟੈਂਕ ਵਿਚ ਖਾਦਾਂ ਦਾ ਘੋਲ ਤਿਆਰ ਕੀਤਾ ਜਾਂਦਾ ਹੈ। ਦਿਨ ਵਿਚ 4 ਤੋਂ 5 ਵਾਰ ਖੁਰਾਕੀ ਤੱਤਾਂ ਵਾਲਾ ਘੋਲ ਫਸਲ ਨੂੰ ਦਿੱਤਾ ਜਾਂਦਾ ਹੈ, ਅਤੇ ਫਰਟੀਗੇਸ਼ਨ ਦਾ ਸਮਾਂ ਫਸਲ ਦੀ ਅਵਸਥਾ ਅਤੇ ਮੌਸਮ ਦੇ ਹਾਲਾਤ ਅਨੁਸਾਰ 4-13 ਮਿੰਟ ਤੱਕ ਬਦਲਦਾ ਹੈ। ਇਸ ਸਿਸਟਮ ਦੇ ਮੁੱਖ ਅੰਗ ਫਿਲਟਰ, ਪ੍ਰੈਸ਼ਰ ਗੇਜ ਅਤੇ ਟਾਈਮਰ ਲਗਾ ਕੇ ਘੋਲ ਨੂੰ ਨਿਰਧਾਰਿਤ ਕੀਤੇ ਸਮੇਂ ਅਨੁਸਾਰ ਦੇਣਾ, ਡਰਿਪਰ ਬੰਦ ਨਾ ਹੋਣ ਅਤੇ ਸਿਸਟਮ ਦਾ ਸਹੀ ਚਲਣਾ ਯਕੀਨੀ ਬਣਾਇਆ ਜਾਂਦਾ ਹੈ।

**6. ਵੇਲਾਂ ਦੀ ਕਾਂਟ-ਛਾਂਟ ਤੇ ਤਾਰ ਨਾਲ ਬੰਨਣਾ :** ਟੂਸੇ ਨੂੰ ਬੰਨ੍ਹਣ ਲਈ ਪਲਾਸਟਿਕ ਕਲਿਪ ਅਤੇ ਪਲਾਸਟਿਕ ਰੱਸੀ ਦੀ ਵਰਤੋਂ ਨਾਲ ਹੇਠਲੇ ਹਿੱਸੇ ਨੂੰ ਨਾਰੀਅਲ ਦੇ ਬੁਰਾਦੇ ਵਾਲੀ ਸਲੈਬ ਨਾਲ ਬੰਨਿਆ ਜਾਂਦਾ ਹੈ ਅਤੇ



ਉਪਰਲੇ ਹਿੱਸੇ ਨੂੰ ਰੋਲਰ ਹੁੱਕ ਦੀ ਸਹਾਇਤਾ ਨਾਲ ਸਟੀਲ ਦੀ ਤਾਰ/ਲੋਹੇ (ਜੀ.ਆਈ.) ਦੀ ਤਾਰ ਨਾਲ 2 ਮੀਟਰ ਦੀ ਉਚਾਈ ਤੇ ਲਟਕਾ ਦਿੱਤਾ ਜਾਂਦਾ ਹੈ। ਕਾਂਟ-ਛਾਂਟ ਦਾ ਕੰਮ ਪਨੀਰੀ ਪੁੱਟਣ ਦੇ 15 ਦਿਨ ਬਾਅਦ ਮੁੱਢ ਵਾਲੇ ਪਾਸਿਓਂ 20-30 ਸੈਂਟੀਮੀਟਰ ਹਿੱਸੇ ਤੇ ਪੱਤੇ (ਹੇਠਲੇ ਪੁਰਾਣੇ ਪੱਤੇ) ਕੱਟ ਦਿੱਤੇ ਜਾਂਦੇ ਹਨ, ਤਾਂ ਜੋ ਬੂਟੇ ਦੇ ਨੇੜੇ ਹਵਾ ਦਾ ਸੰਚਾਲਨ ਚੰਗਾ ਹੋ ਸਕੇ। ਜਿੱਥੇ ਫੁੱਲ ਅਤੇ ਫਲ ਲੱਗਿਆ ਹੋਵੇ, ਉੱਥੇ ਪੱਤਾ ਰੱਖਿਆ ਜਾਂਦਾ ਹੈ।

**7. ਫਲਾਂ ਦੀ ਤੁੜਾਈ :** ਜਦੋਂ ਇੱਕ ਟਮਾਟਰ ਦਾ ਵਜ਼ਨ 80-100 ਗ੍ਰਾਮ ਹੋ ਜਾਂਦਾ ਹੈ ਅਤੇ ਟਮਾਟਰ ਲਾਲ ਰੰਗ ਦਿਖਾਉਣਾ ਸ਼ੁਰੂ ਕਰ ਦਿੰਦਾ ਹੈ, ਤਾਂ ਟਮਾਟਰ ਤੋੜਨ ਲਈ ਤਿਆਰ ਹੁੰਦਾ ਹੈ। ਕੁਦਰਤੀ ਹਵਾਦਾਰ ਪੌਲੀ ਹਾਊਸ ਵਿਚ ਅਕਤੂਬਰ ਦੇ ਪਹਿਲੇ ਹਫਤੇ ਲਗਾਈ ਪਨੀਰੀ ਤੋਂ ਦਸੰਬਰ ਦੇ ਤੀਜੇ ਹਫਤੇ ਜਾਂ ਦਸੰਬਰ ਦੇ ਅਖੀਰਲੇ ਹਫਤੇ ਤੁੜਾਈ ਸ਼ੁਰੂ ਹੋ ਜਾਂਦੀ ਹੈ।

# ਵੱਧ ਕਰਜ਼ਾ ਤੇ ਘੱਟ ਆਮਦਨ ਕਿਸਾਨੀ ਸੰਕਟ ਦਾ ਕਾਰਨ

**★ ਹਾਈ ਪਾਵਰ ਕਮੇਟੀ ਨੇ ਸੁਪਰੀਮ ਕੋਰਟ ਨੂੰ ਸੌਂਪੀ ਆਪਣੀ ਰਿਪੋਰਟ ★ ਕਿਸਾਨੀ ਸੰਕਟ ਦਾ ਹੱਲ ਲੱਭਣ ਲਈ ਬਣਾਈ ਗਈ ਸੀ ਉੱਚ ਪੱਧਰੀ ਕਮੇਟੀ ★ ਕਿਹਾ, ਜਲਵਾਯੂ ਤਬਦੀਲੀ ਵੀ ਸੰਕਟ ਨੂੰ ਹੋਰ ਵਧਾ ਰਹੀ ਹੈ**

ਸੁਪਰੀਮ ਕੋਰਟ ਵੱਲੋਂ ਕਿਸਾਨੀ ਸੰਕਟ ਦਾ ਹੱਲ ਲੱਭਣ ਲਈ ਬਣਾਈ ਗਈ ਉੱਚ ਪੱਧਰੀ ਕਮੇਟੀ ਨੇ ਆਪਣੀ ਅੰਤ੍ਰਿਮ ਰਿਪੋਰਟ ਸੌਂਪ ਦਿੱਤੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਸਮੇਂ ਤੋਂ ਕਿਸਾਨਾਂ ਦੀ ਘਟਦੀ ਆਮਦਨ ਕਾਰਨ ਉਨ੍ਹਾਂ 'ਤੇ ਕਰਜ਼ੇ ਦਾ ਭਾਰ ਵੱਧ ਰਿਹਾ ਹੈ, ਜਿਸ ਕਾਰਨ ਉਹ ਆਰਥਿਕ ਸੰਕਟ ਵਿੱਚ ਹਨ। ਸੁਪਰੀਮ ਕੋਰਟ ਨੇ ਸ਼ੰਭੂ ਬਾਰਡਰ 'ਤੇ ਸਾਰੀਆਂ 23 ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੀ ਮੰਗ ਨੂੰ ਲੈ ਕੇ ਫਰਵਰੀ 2024 ਤੋਂ ਧਰਨੇ 'ਤੇ ਬੈਠੇ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਹੱਲ ਲੱਭਣ ਲਈ ਜਸਟਿਸ ਰਿਟਾਇਰਡ ਨਵਾਬ ਸਿੰਘ ਦੀ ਪ੍ਰਧਾਨਗੀ ਵਿੱਚ ਇੱਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੋਇਆ ਹੈ। ਇਸ ਵਿੱਚ ਦਵਿੰਦਰ ਸ਼ਰਮਾ, ਡਾ. ਆਰ. ਐਸ. ਘੁੰਮਣ ਅਤੇ ਡਾ. ਸੁਖਪਾਲ ਸਿੰਘ ਵਰਗੇ ਖੇਤੀ ਮਾਹਿਰ ਵੀ ਸ਼ਾਮਿਲ ਹਨ। ਕਮੇਟੀ ਨੇ ਇਸ ਲਈ ਸਾਰੀਆਂ ਧਿਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਆਪਣੀ ਰਿਪੋਰਟ ਵਿੱਚ ਕਮੇਟੀ ਨੇ ਕਿਹਾ ਕਿ ਪਿੰਡ ਵਿੱਚ ਇੱਕ ਔਸਤ ਕਿਸਾਨ ਦੀ ਆਮਦਨ 27 ਰੁਪਏ ਰੋਜ਼ਾਨਾ ਤੋਂ ਵੀ ਘੱਟ ਹੈ, ਇਸੇ ਕਾਰਨ ਉਨ੍ਹਾਂ 'ਤੇ ਸੰਸਥਾਗਤ ਅਤੇ ਗੈਰ-ਸੰਸਥਾਗਤ ਕਰਜ਼ਿਆਂ ਦਾ ਭਾਰ ਵਧਦਾ ਜਾ ਰਿਹਾ ਹੈ। ਕਮੇਟੀ ਨੇ ਜੋ ਅੰਕੜਾ ਦਿੱਤਾ ਹੈ, ਉਸ ਮੁਤਾਬਕ ਪੰਜਾਬ 'ਤੇ 73,673 ਕਰੋੜ ਰੁਪਏ ਅਤੇ ਹਰਿਆਣਾ ਵਿੱਚ 76,630 ਕਰੋੜ ਰੁਪਏ ਦਾ ਸੰਸਥਾਗਤ ਕਰਜ਼ੇ ਦਾ ਭਾਰ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਧਦੀ ਉਤਪਾਦਨ ਲਾਗਤ ਤੇ ਸਥਿਰ ਖੇਤੀ ਆਮਦਨ ਵਿਚਾਲੇ ਫਰਕ ਨੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਬਣਾ ਦਿੱਤਾ ਹੈ।


ਜਲਵਾਯੂ ਤਬਦੀਲੀ ਦਾ ਹਵਾਲਾ ਦਿੰਦੇ ਹੋਏ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਲਵਾਯੂ ਤਬਦੀਲੀ ਵੀ ਉਨ੍ਹਾਂ ਦੇ ਇਸ ਸੰਕਟ ਨੂੰ ਹੋਰ ਵਧਾ ਰਹੀ ਹੈ, ਜਿਸ ਵਿੱਚ ਅਨਿਯਮਿਤ ਬਾਰਿਸ਼, ਜ਼ਿਆਦਾ ਗਰਮੀ ਅਤੇ ਘਟਦਾ ਜ਼ਮੀਨ ਹੇਠਲਾ ਪਾਣੀ ਖੇਤੀ ਦੀ ਸਥਿਰਤਾ ਲਈ ਚੁਣੌਤੀਆਂ ਪੈਦਾ ਕਰ ਰਹੇ ਹਨ। ਫ਼ਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਉਨ੍ਹਾਂ ਨੂੰ ਕੋਈ ਆਰਥਿਕ ਸਹਾਇਤਾ ਨਹੀਂ ਦਿੱਤੀ ਜਾ ਰਹੀ ਹੈ। ਕਿਸਾਨਾਂ ਦੀਆਂ ਪਿਛਲੇ ਡੇਢ ਦਹਾਕੇ ਵਿੱਚ 16602 ਖੁਦਕੁਸ਼ੀਆਂ ਦਾ ਹਵਾਲਾ ਦਿੰਦੇ ਹੋਏ ਕਮੇਟੀ ਨੇ ਕਿਹਾ ਕਿ ਉਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਉਨ੍ਹਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਈ ਜਾ ਸਕੇ।

ਉਨ੍ਹਾਂ ਨੇ ਕਿਹਾ ਕਿ ਇਸ ਲਈ ਫ਼ਸਲਾਂ 'ਤੇ ਕਾਨੂੰਨੀ ਗਾਰੰਟੀ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਮੇਟੀ ਕਿਸਾਨੀ ਦੇ ਸਹਾਇਕ ਧੰਦਿਆਂ ਨੂੰ ਲੈ ਕੇ ਆ ਰਹੀਆਂ ਮੁਸ਼ਕਿਲਾਂ 'ਤੇ ਵੀ ਕੰਮ ਕਰ ਰਹੀ ਹੈ, ਤਾਂਕਿ ਉਨ੍ਹਾਂ ਲਈ ਨੀਤੀ ਬਣਾਈ ਜਾ ਸਕੇ। ਜ਼ਿਕਰਯੋਗ ਹੈ ਕਿ ਕਮੇਟੀ ਕਿਸਾਨ ਜਥੇਬੰਦੀਆਂ ਨਾਲ ਵੀ ਗੱਲ ਕਰ ਰਹੀ ਹੈ। ਪਿਛਲੇ ਦਿਨੀਂ ਸ਼ੰਭੂ ਬਾਰਡਰ 'ਤੇ ਬੈਠੀ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਸਮੇਤ ਕੁਝ ਕਿਸਾਨ ਜਥੇਬੰਦੀਆਂ ਨਾਲ ਵੀ ਉਨ੍ਹਾਂ ਨੇ ਕਿਸਾਨੀ ਮੁੱਦਿਆਂ 'ਤੇ ਲੰਬੀ ਗੱਲਬਾਤ ਕੀਤੀ। ਕਮੇਟੀ ਦੇ ਇੱਕ ਮੈਂਬਰ ਨੇ ਦੱਸਿਆ ਕਿ ਅਜਿਹੀਆਂ ਹੀ ਅੰਤ੍ਰਿਮ ਰਿਪੋਰਟਾਂ ਸਮੇਂ-ਸਮੇਂ 'ਤੇ ਸੁਪਰੀਮ ਕੋਰਟ ਵਿੱਚ ਜਮ੍ਹਾਂ ਕਰਵਾਈਆਂ ਜਾਣਗੀਆਂ, ਤਾਂ ਜੋ ਸੁਪਰੀਮ ਕੋਰਟ ਇਨ੍ਹਾਂ ਨੂੰ ਦੇਖ ਕੇ ਸਬੰਧਤ ਧਿਰਾਂ ਨੂੰ ਨਿਰਦੇਸ਼ ਜਾਰੀ ਕਰ ਸਕੇ।

# ਕਿੰਨੂ ਦੇ ਛਿਲਕਿਆਂ ਵਿਚਲੇ ਗੁਣਕਾਰੀ ਤੱਤ ਮਨੁੱਖੀ ਸਿਹਤ ਲਈ ਹੋ ਸਕਦੇ ਹਨ ਲਾਭਦਾਇਕ – ਪੰਜਾਬੀ ਯੂਨੀਵਰਸਿਟੀ ਦੀ ਖੋਜ

ਪੰਜਾਬੀ ਯੂਨੀਵਰਸਿਟੀ ਵਿਖੇ ਹੋਈ ਇੱਕ ਖੋਜ ਵਿੱਚ ਕਿੰਨੂ ਦੇ ਛਿਲਕਿਆਂ ਵਿਚਲੇ ਗੁਣਕਾਰੀ ਤੱਤਾਂ ਨੂੰ ਲੱਭ ਕੇ ਇਨ੍ਹਾਂ ਨੂੰ ਸਿਹਤ ਦੇ ਫਾਇਦੇ ਲਈ ਵਰਤੇ ਜਾ ਸਕਣ ਦੇ ਯੋਗ ਬਣਾਇਆ ਗਿਆ ਹੈ। ਯੂਨੀਵਰਸਿਟੀ ਦੇ ਬਾਇਓਟੈਕਨਾਲੋਜੀ ਐਂਡ ਫੂਡ ਟੈਕਨਾਲੋਜੀ ਵਿਭਾਗ ਵਿੱਚ ਪ੍ਰੋ. ਮਿੰਨੀ ਸਿੰਘ ਦੀ ਅਗਵਾਈ ਵਿੱਚ ਖੋਜਾਰਥੀ ਨਿਹਾਰਿਕਾ ਕੌਸ਼ਲ ਵੱਲੋਂ ਕੀਤੀ ਇਸ ਖੋਜ ਰਾਹੀਂ ਨੈਨੋਟੈਕਨਾਲੋਜੀ ਦੀ ਮੱਦਦ ਨਾਲ ਕਿੰਨੂ ਛਿਲਕੇ ਦੇ ਗੁਣਕਾਰੀ ਤੱਤਾਂ ਨੂੰ ਇਸ ਵਿਚਲੇ ਨੁਕਸਾਨ-ਦਾਇਕ ਤੱਤਾਂ ਤੋਂ ਅਲੱਗ ਕਰਕੇ ਪਾਣੀ ਵਿੱਚ ਘੁਲਣਸ਼ੀਲ ਫਾਰਮੂਲੇਸ਼ਨ ਤਿਆਰ ਕੀਤੀਆਂ ਗਈਆਂ ਹਨ, ਜਿਸ ਦੇ ਸਕਾਰਾਤਮਕ ਨਤੀਜੇ ਸਾਹਮਣੇ ਆਏ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰੋ. ਮਿੰਨੀ ਸਿੰਘ ਵੱਲੋਂ ਹਲਦੀ ਵਿਚਲੇ ਗੁਣਕਾਰੀ ਤੱਤਾਂ ਨੂੰ ਦੁੱਧ ਵਿੱਚ ਘੁਲਣਸ਼ੀਲ ਬਣਾਉਣ ਲਈ ਖੋਜੇ ਗਏ ਫਾਰਮੂਲੇ ਨੂੰ ਵੀ ਵੱਡੇ ਪੱਧਰ ਉੱਤੇ ਪ੍ਰਸੰਸਾ ਹਾਸਿਲ ਹੋਈ ਸੀ ਅਤੇ ਇਸ ਟੈਕਨਾਲੋਜੀ ਨੂੰ 'ਵੇਰਕਾ' ਵੱਲੋਂ ਖਰੀਦ ਕੇ ਹੁਣ ਆਪਣਾ 'ਹਲਦੀ ਦੁੱਧ' ਉਤਪਾਦ ਤਿਆਰ ਕਰਨ ਲਈ ਵਰਤਿਆ ਜਾ ਰਿਹਾ ਹੈ। ਤਾਜ਼ਾ ਖੋਜ ਬਾਰੇ ਨਿਹਾਰਿਕਾ ਨੇ ਦੱਸਿਆ ਕਿ ਇਹ ਖੋਜ ਕਾਰਜ ਯੂਨੀਵਰਸਿਟੀ ਅਤੇ ਇੰਡਸਟਰੀ ਦੀ ਸਾਂਝੇਦਾਰੀ ਨਾਲ ਸੰਭਵ ਹੋਇਆ ਹੈ। ਖੋਜ ਅਧਿਐਨ ਵਿੱਚ ਸਾਹਮਣੇ ਆਇਆ ਕਿ ਇਨ੍ਹਾਂ ਛਿਲਕਿਆਂ ਵਿੱਚ ਕੁਝ ਅਜਿਹੇ ਤੱਤ ਸਨ, ਜੋ ਸਿਹਤ ਲਈ ਲਾਭਦਾਇਕ ਹਨ। ਪ੍ਰੋ. ਮਿੰਨੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਨਿਹਾਰਿਕਾ ਕੌਸ਼ਲ ਦੀ ਖੋਜ ਉਪਰੰਤ ਵੀ ਇਸ ਦਿਸ਼ਾ ਵਿੱਚ ਕੰਮ ਜਾਰੀ ਰੱਖਿਆ ਹੈ, ਜਿਸ ਤਹਿਤ ਖੋਜ ਦੌਰਾਨ ਛਿਲਕੇ ਵਿੱਚੋਂ ਲੱਭੇ ਗਏ ਇਨ੍ਹਾਂ ਪਦਾਰਥਾਂ ਨੂੰ ਫੈਟੀ ਲੀਵਰ ਦੇ ਮਰੀਜ਼ਾਂ ਲਈ ਵਰਤ ਕੇ ਵੇਖਿਆ ਗਿਆ, ਜਿਸ ਦੇ ਚੰਗੇ ਨਤੀਜੇ ਸਾਹਮਣੇ ਆਏ। ਇਸ ਮਕਸਦ ਲਈ ਡੀ. ਐਮ. ਸੀ. ਲੁਧਿਆਣਾ ਨਾਲ ਇਕਰਾਰਨਾਮਾ ਕੀਤਾ ਗਿਆ ਸੀ। ਇਸ ਤਹਿਤ ਪਹਿਲੇ ਪੜਾਅ ਵਿੱਚ ਫੈਟੀ ਲੀਵਰ ਦੇ 9 ਮਰੀਜ਼ਾਂ ਉੱਤੇ ਇਸ ਦਾ ਪ੍ਰਯੋਗ ਕੀਤਾ ਗਿਆ ਹੈ। ਅਗਲੇ ਪੜਾਅ ਵਿੱਚ 40 ਮਰੀਜ਼ਾਂ ਉੱਤੇ ਪ੍ਰਯੋਗ ਕੀਤਾ ਗਿਆ। ਇਸ ਪ੍ਰਯੋਗ ਵਿੱਚ ਪ੍ਰਾਪਤ ਹੋਏ ਚੰਗੇ ਨਤੀਜਿਆਂ ਨੇ ਇਸ ਦੇ ਲਾਹੇਵੰਦ ਹੋਣ ਦੀ ਪੁਸ਼ਟੀ ਕਰ ਦਿੱਤੀ। ਪ੍ਰੋ. ਮਿੰਨੀ ਸਿੰਘ ਨੇ ਕਿਹਾ ਕਿ ਇਸ ਖੋਜ ਦਾ ਮਤਲਬ ਇਹ ਨਹੀਂ ਕਿ ਸਿੱਧਾ ਛਿਲਕਾ ਹੀ ਖਾ ਲੈਣ ਨਾਲ ਲਾਭ ਪਹੁੰਚ ਜਾਂਦਾ ਹੈ। ਛਿਲਕੇ ਵਿੱਚ ਜ਼ਹਿਰੀਲੇ ਹਾਨੀਕਾਰਕ ਤੱਤ ਵੀ ਹੁੰਦੇ ਹਨ। ਯੂਨੀਵਰਸਿਟੀ ਦੇ ਉਪ ਕੁਲਪਤੀ ਕੇ. ਕੇ. ਯਾਦਵ ਅਤੇ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਵੱਲੋਂ ਇਸ ਖੋਜ ਲਈ ਵਿਸ਼ੇਸ਼ ਤੌਰ ਉੱਤੇ ਵਧਾਈ ਦਿੱਤੀ ਗਈ।





# ਕੇਂਦਰ ਵੱਲੋਂ 25 ਲੱਖ ਟਨ ਕਣਕ ਖੁੱਲ੍ਹੀ ਮੰਡੀ ਵਿੱਚ ਵੇਚਣ ਦਾ ਫੈਸਲਾ

## ਸਰਕਾਰ ਦਾ ਫੈਸਲਾ ਖਪਤਕਾਰਾਂ ਦੇ ਹੱਕ ਵਿੱਚ, ਪਰ ਕਾਸ਼ਤਕਾਰਾਂ ਦੇ ਉਲਟ

ਕੇਂਦਰ ਸਰਕਾਰ ਨੇ ਐਫ. ਸੀ. ਆਈ. ਦੇ ਬਫਰ ਸਟਾਕ ਵਿੱਚੋਂ 25 ਲੱਖ ਟਨ ਕਣਕ ਓ. ਐਮ. ਐਸ. ਐਸ. ਸਕੀਮ ਤਹਿਤ ਖੁੱਲ੍ਹੀ ਮੰਡੀ ਵਿੱਚ 31 ਮਾਰਚ, 2025 ਤੱਕ ਵੇਚਣ ਦਾ ਫੈਸਲਾ ਕੀਤਾ ਹੈ। ਕੇਂਦਰ ਸਰਕਾਰ ਦੇ ਇਸ ਫੈਸਲੇ ਨਾਲ ਅਮਰਵੇਲ ਵਾਂਗ ਵੱਧ ਰਹੀਆਂ ਕੀਮਤਾਂ ਨੂੰ ਠੱਲ੍ਹ ਪਵੇਗੀ। ਪਿਛਲੇ ਸਾਲ ਕਣਕ ਦਾ ਐਮ. ਐਸ. ਪੀ. 2275 ਰੁਪਏ ਪ੍ਰਤੀ ਕੁਇੰਟਲ ਸੀ ਅਤੇ ਇਸ ਸਾਲ ਲਈ ਕੇਂਦਰ ਸਰਕਾਰ ਨੇ 150 ਰੁਪਏ ਪ੍ਰਤੀ ਕੁਇੰਟਲ ਵਧਾ ਕੇ 2325 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ, ਪਰ ਖੁੱਲ੍ਹੀ ਮੰਡੀ ਵਿੱਚ ਕਣਕ ਦਾ ਭਾਅ ਹੌਲੀ-ਹੌਲੀ ਵੱਧ ਕੇ ਤਿੰਨ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਤੱਕ ਹੋ ਚੁੱਕਾ ਸੀ। ਭਾਵੇਂ ਕੇਂਦਰ ਸਰਕਾਰ ਨੇ ਅਜੇ ਤੱਕ ਕਣਕ ਵੇਚਣ ਦੇ ਫੈਸਲੇ ਦੀ ਤਰੀਕ ਨਹੀਂ ਦੱਸੀ, ਪਰ ਇਸ ਫੈਸਲੇ ਨਾਲ ਬਾਜ਼ਾਰ ਵਿੱਚ ਕਣਕ ਦਾ ਭਾਅ 150 ਤੋਂ 200 ਰੁਪਏ ਪ੍ਰਤੀ ਕੁਇੰਟਲ ਤੱਕ ਘੱਟ ਗਏ ਹਨ। ਐਫ. ਸੀ. ਆਈ. ਵੱਲੋਂ ਈ-ਨਿਲਾਮੀ ਰਾਹੀਂ ਆਟਾ ਚੱਕੀ ਵਾਲਿਆਂ, ਕਣਕ ਤੋਂ ਪ੍ਰੋਸੈਸਿੰਗ ਕਰਨ ਵਾਲੀਆਂ ਉਦਯੋਗਿਕ ਇਕਾਈਆਂ ਨੂੰ 2325 ਰੁਪਏ ਪ੍ਰਤੀ ਕੁਇੰਟਲ ਵਿੱਚ ਏ ਗਰੇਡ ਅਤੇ 2300 ਰੁਪਏ ਪ੍ਰਤੀ ਕੁਇੰਟਲ ਵਿੱਚ ਯੂ. ਆਰ. ਐਸ. ਕਣਕ ਦੀ ਵਿੱਕਰੀ ਕੀਤੀ ਜਾਵੇਗੀ। ਐਫ. ਸੀ. ਆਈ. ਕੋਲ 31 ਅਕਤੂਬਰ, 2024 ਨੂੰ 222.64 ਲੱਖ ਟਨ ਕਣਕ ਬਫਰ ਸਟਾਕ ਸੀ, ਜੇਕਰ ਐਫ. ਸੀ. ਆਈ. 25 ਲੱਖ ਟਨ ਕਣਕ ਖੁੱਲ੍ਹੀ ਮੰਡੀ ਵਿੱਚ ਵੇਚ ਦਿੰਦੀ ਹੈ ਤਾਂ 197 ਲੱਖ ਟਨ ਕਣਕ ਬਫਰ ਸਟਾਕ ਵਿੱਚ ਬਚ ਜਾਵੇਗੀ, ਜੋ ਕਿ ਸਰਕਾਰੀ ਮਾਪਦੰਡ ਅਨੁਸਾਰ ਲੋੜੀਂਦੇ ਘੱਟੋ-ਘੱਟ ਬਫਰ ਸਟਾਕ ਨਾਲੋਂ ਵੱਧ ਹੈ। ਕੇਂਦਰ ਸਰਕਾਰ ਦਾ ਇਹ ਫੈਸਲਾ ਭਾਵੇਂ ਖਪਤਕਾਰਾਂ ਦੇ ਹਿੱਤਾਂ ਲਈ ਤਾਂ ਢੁੱਕਵਾਂ ਹੈ, ਪਰ ਕਾਸ਼ਤਕਾਰਾਂ ਦੇ ਹਿੱਤਾਂ ਦੇ ਉਲਟ ਹੈ, ਕਿਉਂਕਿ ਜੇਕਰ ਬਾਜ਼ਾਰ ਵਿੱਚ ਕਣਕ ਦੇ ਭਾਅ ਇਸੇ ਤਰ੍ਹਾਂ ਵਧਦੇ ਰਹਿੰਦੇ ਤਾਂ ਨਵੇਂ ਸੀਜ਼ਨ ਵਿੱਚ ਕੇਂਦਰ ਸਰਕਾਰ ਦਾ ਐਮ. ਐਸ. ਪੀ. 'ਤੇ ਕਣਕ ਖਰੀਦਣ ਦਾ ਟੀਚਾ ਪੂਰਾ ਨਹੀਂ ਸੀ ਹੋਣਾ।



# ਪੀ.ਏ.ਯੂ. ਨੇ ਦੱਸੇ ਕਣਕ ਦੀ ਪਿਛੇਤੀ ਬਿਜਾਈ ਤੋਂ ਲਾਭ ਲੈਣ ਦੇ ਤਰੀਕੇ

ਪਿਛੇਤੀ ਬਿਜਾਈ ਲਈ ਕਿਸਾਨ ਵੀਰਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਸ਼ ਕਿਸਮਾਂ ਪੀ ਬੀ ਡਬਲਯੂ 771, ਪੀ ਬੀ ਡਬਲਯੂ 752 ਦੀ ਚੋਣ ਦਸੰਬਰ ਅਖੀਰ ਤੱਕ ਅਤੇ ਉਸ ਤੋਂ ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ 757 ਕਿਸਮ ਦੀ ਚੋਣ ਕਰਨੀ ਚਾਹੀਦੀ ਹੈ। ਪਿਛੇਤੀ ਬਿਜਾਈ ਲਈ ਕਣਕ ਵਿਚ ਕਤਾਰ ਤੋਂ ਕਤਾਰ ਦਾ ਫਾਸਲਾ 15 ਸੈਂ. ਮੀ. ਰੱਖੋ ਤਾਂ ਜੋ ਬੂਟਿਆਂ ਦੀ ਗਿਣਤੀ ਵਧਾਈ ਜਾ ਸਕੇ। ਪਿਛੇਤੀ ਬੀਜੀ ਕਣਕ ਨੂੰ ਪ੍ਰਤੀ ਏਕੜ 110 ਕਿਲੋ ਯੂਰੀਆ, 55 ਕਿਲੋ ਡੀ ਏ ਪੀ ਅਤੇ 24 ਕਿਲੋ ਪੋਟਾਸ਼ (ਮਿੱਟੀ ਪਰਖ ਅਨੁਸਾਰ) ਪਾਓ। ਪਿਛੇਤੀ ਬਿਜਾਈ ਵਿਚ ਸਾਰੀ ਡੀ ਏ ਪੀ ਅਤੇ ਅੱਧੀ ਯੂਰੀਆ (45 ਕਿਲੋ) ਬਿਜਾਈ ਸਮੇਂ ਪਾ ਦਿਓ ਅਤੇ ਬਾਕੀ ਰਹਿੰਦੀ 45 ਕਿਲੋ ਯੂਰੀਆ ਪਹਿਲੇ ਪਾਣੀ ਨਾਲ ਪਾਉ। ਅੱਧ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ ਪ੍ਰਤੀ ਏਕੜ 70 ਕਿਲੋ ਯੂਰੀਆ ਦੋ ਹਿੱਸਿਆਂ ਵਿਚ ਪਾਓ। ਪਿਛੇਤੀ ਬੀਜੀ ਕਣਕ ਨੂੰ ਪਹਿਲਾ ਪਾਣੀ 4 ਹਫਤਿਆਂ ਬਾਅਦ, ਦੂਜਾ ਪਾਣੀ ਪਹਿਲੇ ਪਾਣੀ ਤੋਂ 3 ਅਤੇ ਚੌਥਾ ਪਾਣੀ ਤੀਜੇ ਪਾਣੀ ਤੋਂ ਹਫਤਿਆਂ ਬਾਅਦ ਲਗਾਓ।

# ਚੀਨੀ ਵਿਗਿਆਨੀਆਂ ਨੇ ਜੀਨਜ਼ ਤੋਂ ਮਿੱਠਾ ਟਮਾਟਰ ਬਣਾਇਆ

## ਟਮਾਟਰ ਹੁਣ ਸਿਰਫ ਖੱਟਾ ਨਹੀਂ, ਮਿੱਠਾ ਅਤੇ ਜ਼ਿਆਦਾ ਰਸੀਲਾ ਹੋਵੇਗਾ



ਟਮਾਟਰ ਸਵਾਦ ਵਿੱਚ ਆਮ ਤੌਰ 'ਤੇ ਹਲਕਾ ਖੱਟਾ ਹੁੰਦਾ ਹੈ। ਹੁਣ ਮਿੱਠਾ ਟਮਾਟਰ ਵੀ ਉਗਾਇਆ ਜਾ ਸਕਦਾ ਹੈ। ਚੀਨ ਦੇ ਖੇਤੀ ਵਿਗਿਆਨ ਅਕਾਦਮੀ ਦੇ ਵਿਗਿਆਨੀਆਂ ਨੇ ਅਜਿਹੀ ਤਕਨੀਕ ਵਿਕਸਿਤ ਕੀਤੀ ਹੈ, ਜਿਸ ਤੋਂ ਮਿੱਠਾ ਅਤੇ ਜ਼ਿਆਦਾ ਰਸੀਲਾ ਟਮਾਟਰ ਉਗਾਇਆ ਜਾ ਸਕਦਾ ਹੈ। ਇਸ ਦੇ ਲਈ ਵਿਗਿਆਨੀਆਂ ਨੇ ਟਮਾਟਰ ਦੀ ਅਨੁਵੰਸ਼ਿਕ ਸੰਰਚਨਾ ਵਿੱਚ ਬਦਲਾਅ ਕੀਤਾ ਹੈ। ਇਸ ਨਾਲ ਟਮਾਟਰ ਦੀ ਉਪਜ 'ਤੇ ਕੋਈ ਪ੍ਰਭਾਵ ਵੀ ਨਹੀਂ ਪਏਗਾ। ਵਿਗਿਆਨੀਆਂ ਨੇ 100 ਤੋਂ ਜ਼ਿਆਦਾ ਟਮਾਟਰ ਕਿਸਮਾਂ ਦਾ ਸਵਾਦ ਪਰੀਖਣ ਕੀਤਾ ਅਤੇ 33 ਅਜਿਹੇ ਯੋਗਿਕਾਂ ਦੀ ਪਹਿਚਾਣ ਕੀਤੀ, ਜੋ ਉਪਭੋਗਤਾਵਾਂ ਦੇ ਸਵਾਦ ਨੂੰ ਪ੍ਰਭਾਵਿਤ ਕਰਦੇ ਹਨ। 400 ਤੋਂ ਵਧੇਰੇ ਵਿਸ਼ਵ ਪੱਧਰੀ ਟਮਾਟਰ ਨਮੂਨਿਆਂ ਦੀ ਜੀਨੋਮਿਕ ਇੰਡੈਕਸਿੰਗ ਕਰਨ ਤੋਂ ਬਾਅਦ ਉਨ੍ਹਾਂ ਨੇ 49 ਅਜਿਹੇ ਜੀਨ ਖੋਜੇ, ਜੋ ਟਮਾਟਰ ਦੇ ਸਵਾਦ ਨੂੰ ਨਿਯੰਤਰਿਤ ਕਰਦੇ ਹਨ। ਖੋਜ ਦੇ ਮੁਤਾਬਿਕ ਕੇਵਲ ਦੋ ਵਿਸ਼ੇਸ਼ ਜੀਨਾਂ ਨੂੰ ਅਕਿਰਿਆਸ਼ੀਲ ਕਰਨ ਨਾਲ ਟਮਾਟਰ ਵਿੱਚ ਗਲੂਕੋਜ਼ ਦਾ ਪੱਧਰ 30% ਤੱਕ ਵਧਾਇਆ ਜਾ ਸਕਦਾ ਹੈ।

### ਟਮਾਟਰ ਖਾਣ ਦਾ ਤਰੀਕਾ ਅਤੇ ਉਪਯੋਗ ਬਦਲ ਸਕਦਾ ਹੈ

ਮਾਹਿਰਾਂ ਦਾ ਮੰਨਣਾ ਹੈ ਕਿ ਇਹ ਤਕਨੀਕ ਨਾ ਕੇਵਲ ਘਰੇਲੂ ਕਿਸਮਾਂ ਦੇ ਸਵਾਦ ਵਿੱਚ ਸੁਧਾਰ ਕਰੇਗੀ, ਬਲਕਿ ਜੰਗਲੀ ਪ੍ਰਜਾਤੀਆਂ ਦੀ ਅਨੁਵੰਸ਼ਿਕ ਵਿਭਿੰਨਤਾ ਦਾ ਵੀ ਉਪਯੋਗ ਕਰੇਗੀ। ਫ੍ਰਾਂਸੀਸੀ ਵਿਗਿਆਨੀ ਕ੍ਰਿਸਟੋਫ ਰੋਧਨ ਨੇ ਕਿਹਾ ਕਿ ਇਹ ਖੋਜ ਟਮਾਟਰ ਦੀਆਂ ਆਧੁਨਿਕ ਕਿਸਮਾਂ ਨੂੰ ਇੱਕ ਨਵੀਂ ਉਚਾਈ 'ਤੇ ਲੈ ਜਾਏਗੀ। ਇਸ ਨੂੰ ਖਾਣ ਅਤੇ ਉਪਯੋਗ ਦਾ ਤਰੀਕਾ ਬਦਲੇਗਾ।

# ਝੋਨੇ ਦਾ ਝਾੜ ਘੱਟਣ ਕਾਰਨ ਇਸ ਵਾਰ ਪੰਜਾਬ ਦਾ 185 ਲੱਖ ਮੀਟਰਕ ਟਨ ਦੀ ਖਰੀਦ ਦਾ ਟੀਚਾ ਪੂਰਾ ਨਾ ਹੋਇਆ

## 173.65 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਬਾਅਦ ਮੰਡੀਆਂ ਦਾ ਕੰਮ ਹੋਇਆ ਬੰਦ

ਇਸ ਵਾਰ ਝੋਨੇ ਦਾ ਝਾੜ ਘੱਟਣ ਕਾਰਨ ਪੰਜਾਬ ਦਾ 185 ਲੱਖ ਮੀਟਰਕ ਖਰੀਦ ਦਾ ਟੀਚਾ ਪੂਰਾ ਨਹੀਂ ਹੋ ਸਕਿਆ। ਝੋਨੇ ਦੀ ਖੀਦ ਵਿੱਚ ਦੇਰੀ ਹੋਣ ਕਾਰਨ ਇਸ ਵਾਰ ਖਰੀਦ ਲਈ ਕਿਸਾਨਾਂ ਨੂੰ ਇੱਕ ਮਹੀਨੇ ਦਾ ਵਾਧੂ ਸਮਾਂ ਵੀ ਮਿਲਿਆ, ਪਰ 3 ਦਸੰਬਰ ਨੂੰ 173.65 ਲੱਖ ਟਨ ਝੋਨੇ ਦੀ ਖਰੀਦ ਬਾਅਦ ਸੂਬੇ ਦੇ ਖੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਮੰਡੀਆਂ ਵਿੱਚ ਖਰੀਦ ਦਾ ਕੰਮ ਖਤਮ ਹੋਣ ਦਾ ਅਧਿਕਾਰਤ ਐਲਾਨ ਕਰ ਦਿੱਤਾ ਹੈ। ਉਨ੍ਹਾਂ ਸੀਜ਼ਨ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਮੁੱਖ ਦਫਤਰ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸਖਤ ਮਿਹਨਤ ਦੀ ਸ਼ਲਾਘਾ ਕੀਤੀ। ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੰਤਰੀ ਨੇ ਦੱਸਿਆ ਕਿ ਝੋਨੇ ਦਾ ਸੀਜ਼ਨ ਹੁਣ ਲਗਭਗ ਖਤਮ ਹੋ ਚੁੱਕਾ ਹੈ ਅਤੇ ਰਾਜ ਸਰਕਾਰ ਨੇ ਕੁੱਲ 173.65 ਲੱਖ ਮੀਟਰਕ ਟਨ ਝੋਨੇ ਵਿੱਚੋਂ 173.50 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕਰ ਲਈ ਹੈ। ਮੰਤਰੀ ਨੇ ਕਿਹਾ ਕਿ ਕਿਸਾਨਾਂ ਦੇ ਖਾਤਿਆਂ ਵਿੱਚ 39,000 ਕਰੋੜ ਰੁਪਏ ਜਮ੍ਹਾਂ ਹੋ ਚੁੱਕੇ ਹਨ ਅਤੇ ਪਠਾਨਕੋਟ, ਮੋਹਾਲੀ ਅਤੇ ਰੂਪਨਗਰ ਜ਼ਿਲ੍ਹਿਆਂ ਵਿੱਚ ਮਿਲਿੰਗ ਪ੍ਰਕਿਰਿਆ ਸ਼ੁਰੂ ਵੀ ਚੁੱਕੀ ਹੈ। 115 ਲੱਖ ਟਨ ਚਾਵਲ ਬਣਨਾ ਹੈ। ਸਟੋਰੇਜ ਸਪੇਸ (ਭੰਡਾਰਨ ਸਮਰੱਥਾ) ਦੇ ਮੁੱਦੇ ਬਾਰੇ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਕੇਂਦਰ ਸਰਕਾਰ ਕੋਲ ਇਹ ਮਾਮਲਾ ਜ਼ੋਰਦਾਰ ਢੰਗ ਨਾਲ ਉਠਾਇਆ ਹੈ ਅਤੇ ਕਿਹਾ ਹੈ ਕਿ ਕੇਂਦਰ ਸਰਕਾਰ ਨੂੰ ਹੋਰ ਸਟੋਰੇਜ ਸਪੇਸ ਉਪਲੱਬਧ ਕਰਵਾਉਣ ਲਈ ਪੰਜਾਬ ਦੀ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਮੇਂ ਹਰ ਮਹੀਨੇ 15 ਲੱਖ ਮੀਟਰਕ ਟਨ ਚੌਲ ਸੂਬੇ ਤੋਂ ਬਾਹਰ ਭੇਜੇ ਜਾ ਰਹੇ ਹਨ। ਮੰਤਰੀ ਨੇ ਇਹ ਵੀ ਦੱਸਿਆ ਕਿ ਇਸ ਸਮੇਂ ਰਾਸ਼ਨ ਕਾਰਡਾਂ ਦੀ ਤਸਦੀਕ ਦੇ ਸੰਬੰਧ ਵਿੱਚ ਈ-ਕੇਵਾਈਸੀ ਸਰਵੇਖਣ ਚੱਲ ਰਿਹਾ ਹੈ।






ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ–147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com